# ਸਾਂਝੀ ਵਿਰਾਸਤ

ਅੰਕ 46 ਜਿਲਦ 4

1-ਕੱਤਕ 557 (15-ਅਕਤੂਬਰ 2025)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A Monthly Non-political, Not-for-profit (Bilingual) On-line Magazine of

**Panjabi Language, Culture, History and Heritage**

Website: **sanjhivirasat.org**

# ਵਿਸ਼ਾ ਸੂਚੀ

(1-ਕੱਤਕ 557 / 15-ਅਕਤੂਬਰ 2025 ਅੰਕ)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਬਜ਼ੁਰਗ ਦਾ ਰੁਤਬਾ ('ਬਜ਼ੁਰਗ ਦਿਵਸ' ਤੇ ਵਿਸ਼ੇਸ਼) | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 7 |
| 5. | ਕੋਮਲ ਪਰ ਦ੍ਰਿੜ (ਗੁਰੂ ਹਰਿ ਰਾਏ ਜੀ) | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 8 |
| 6. | ਮੀਰੀ ਪੀਰੀ ਦੇ ਸੰਕਲਪ ਲਈ ਗੁਰੂ ਹਰ ਗੋਬਿੰਦ ਸਾਹਿਬ ਦੀ ਬਣਾਈ ਅਕਾਲ ਸੇਨਾ (ਭਾਗ – 1) | ਡਾ. ਸਰਦਾਰ ਕਾਬਲ ਸਿੰਘ | 9 |
| 7. | ਕੈਲਗਰੀ ਲਿਖਾਰੀ ਸਭਾ ਵਲੋਂ ਪੁਸਤਕ ਰਿਲੀਜ਼ | ਸਰਦਾਰਨੀ ਗੁਰਚਰਨ ਕੌਰ ਥਿੰਦ | 11 |
| 8. | ਅਗਲੀ ਪੀੜ੍ਹੀ ਨੂੰ ਗੁਰਬਾਣੀ ਨਾਲ ਕਿਵੇਂ ਜੋੜੀਏ | ਸਰਦਾਰ ਕਰਮਜੀਤ ਸਿੰਘ ਨੂਰ | 14 |
| 9. | The Equinoxes of Autumn and Spring | Dr S. Rajbir Singh Bhatti | 19 |
| 10 | Bhai Kirpa Singh Matan (Kashmir) – 2 | Dr. Sardar Jasbir Singh Sarna | 21 |
| 11. | ਭਾਈ ਗੁਰਦਾਸ ਜੀ – ਜੀਵਨ ਅਤੇ ਰਚਨਾ | ਸਰਦਾਰ ਜਸਵਿੰਦਰ ਸਿੰਘ 'ਰੁਪਾਲ' | 26 |
| 12. | Dr Harnam Singh Hans – A Tribute | Prof S. Surjit Singh Bhatti | 30 |
| 13. | ਕੀ ਕਰਾਮਾਤਾਂ ਗੁਰਮਤਿ ਅਨੁਸਾਰ ਹਨ ? | ਸਰਦਾਰਨੀ ਨਰਿੰਦਰ ਕੌਰ | 32 |
| 14. | ਸਾਨੂੰ ਇਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 34 |
| 15. | Book Release and Talk on "AI and Sikhism- Opportunities and Risks" | Author - Dr Sardar D P Singh | 35 |
| 16. | ਜੰਗ ... ਕਿਸੇ ਮਸਲੇ ਦਾ ਹਲ ਨਹੀਂ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 36 |
| 17. | ਅਦਬ ਦਾ ਮੈਂ ਘਰ ਬਣਾਵਾਂ | ਸਰਦਾਰਨੀ ਕਿਰਨਪ੍ਰੀਤ ਕੌਰ | 37 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਸਾਂਝੀ ਵਿਰਾਸਤ | 38 |
| 19. | ਸਾਡੇ ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਸਾਂਝੀ ਵਿਰਾਸਤ | 39 |
| 20 | ਐਡੀਟੋਰੀਅਲ ਬੋਰਡ ਤੇ ਸਲਾਹਕਾਰ | ਸਾਂਝੀ ਵਿਰਾਸਤ | 40 |

# ਸੰਪਾਦਕੀ ਨੋਟ

**ਮੂਲ ਨਾਨਕਸ਼ਾਹੀ ਕੈਲੰਡਰ** ਅਨੁਸਾਰ ਕੱਤਕ ਦਾ ਮਹੀਨਾ ਹਮੇਸ਼ਾਂ 15 ਅਕਤੂਬਰ ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ (ਪ੍ਰਚਲਿਤ ਅੰਗਰੇਜ਼ੀ ਮਹੀਨਿਆਂ ਵਿਚ ਵੀ) ਬਦਲਦੀਆਂ ਨਹੀਂ।

9 ਅਕਤੂਬਰ ਨੂੰ ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮਦਾਸ ਸਾਹਿਬ ਦਾ ਜਨਮ ਦਿਨ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ 1708 ਵਿਚ (ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰ ਕੇ) 20 ਅਕਤੂਬਰ ਨੂੰ ਆਦਿ ਗ੍ਰੰਥ ਤੋਂ "ਸ੍ਰੀ ਗੁਰੂ ਗ੍ਰੰਥ ਸਾਹਿਬ" ਦਾ ਮੌਜੂਦਾ ਸਰੂਪ ਤਿਆਰ ਕੀਤਾ ਅਤੇ "ਸਦੀਵੀ ਗੁਰੂ" ਦਾ ਦਰਜਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਸਮਾਵਣ ਦਾ ਦਿਨ 21 ਅਕਤੂਬਰ ਨੂੰ ਹੈ।

ਅਕਤੂਬਰ ਦੇ ਮਹੀਨੇ ਵਿਚ ਕੁਝ ਹੋਰ ਮਹੱਤਵ-ਪੂਰਣ ਇਤਿਹਾਸਕ ਘਟਨਾਵਾਂ ਇਹ ਹਨ।

1 ਅਕਤੂਬਰ (1949) ਵਾਲੇ ਦਿਨ ਮਾਓ ਨੇ ਚੀਨ ਵਿਚ ਕੌਮਨਿਸਟ ਲੋਕ ਰਾਜ (People's Republic of China) ਸਥਾਪਤ ਕਰਨ ਦਾ ਐਲਾਨ ਕੀਤਾ ਸੀ, ਜਿਸ ਨਾਲ ਸੰਸਾਰ ਦਾ ਸਾਰਾ ਰਾਜਨੀਤਿਕ ਮਾਹੌਲ ਹਮੇਸ਼ਾਂ ਲਈ ਬਦਲ ਗਿਆ।

4 ਅਕਤੂਬਰ (1957) ਨੂੰ ਰੂਸ ਨੇ ਦੁਨੀਆਂ ਦਾ ਸਭ ਤੋਂ ਪਹਿਲਾ ਬਣਾਵਟੀ ਉਪਗ੍ਰਹਿ ਸਪੁਤਨਿਕ (Artificial Satellite - Sputnik) ਪੁਲਾੜ ਵਿਚ ਭੇਜਿਆ ਸੀ। ਇਸ ਤੋਂ ਬਾਅਦ ਅਮਰੀਕਾ ਨੇ National Aeronautics & Space Administration (NASA) ਦੀ ਸਥਾਪਨਾ ਕਰ ਕੇ ਪੁਲਾੜ ਦੀ ਖੋਜ ਦਾ ਕੰਮ ਸ਼ੁਰੂ ਕੀਤਾ।

7 ਅਕਤੂਬਰ (1920) ਨੂੰ ਆਕਸਫੋਰਡ ਯੁਨੀਵਰਸਿਟੀ (Oxford University) ਨੇ ਔਰਤਾਂ ਨੂੰ ਪਹਿਲੀ ਵਾਰ ਉਥੇ ਦਾਖਲਾ ਲੈਣ, ਪੜ੍ਹਾਈ ਕਰਨ ਅਤੇ ਡਿਗਰੀ ਪ੍ਰਾਪਤ ਕਰਨ ਦਾ ਹੱਕ ਦਿੱਤਾ।

ਲੇਖਕ ਆਪਣੀਆਂ ਪੰਜਾਬੀ ਦੀਆਂ (ਗੁਰਮੁਖੀ ਲਿਪੀ ਵਿਚ) ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ ਭੇਜ ਸਕਦੇ ਹਨ। ਬਹੁਤ ਲੰਬੇ ਲੇਖ ਵੈਬਸਾਈਟ *(sanjhivirasat.org)* ਦੇ 'ਬਲਾਗ' ਉਤੇ ਜਾਂ ਲੜੀਵਾਰ ਵੀ ਛਾਪੇ ਜਾ ਸਕਦੇ ਹਨ। ਲਿਖਤਾਂ ਕਿਸੇ ਧਰਮ, ਸੰਸਥਾ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ।

ਲਿਖਤਾਂ ਅਤੇ ਸੁਝਾਵਾਂ ਲਈ ਧੰਨਵਾਦ।

ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)
surjitsinghbhatti@gmail.com

ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ

ੴ ਸਤਿਗੁਰ ਪ੍ਰਸਾਦਿ

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥
ਦੀਪਕੁ ਸਹਜਿ ਬਲੈ ਤਤਿ ਜਲਾਇਆ ॥
ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥
ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥
ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥12॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - 1109)

ਵਿਆਖਿਆ : ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਕੱਤਕ ਦੇ ਮਹੀਨੇ ਜਿਵੇਂ ਕਿਸਾਨ ਨੂੰ ਸਉਣੀ ਦੀ ਫ਼ਸਲ ਦੀ ਕਮਾਈ ਮਿਲ ਜਾਂਦੀ ਹੈ ਇਸੇ ਤਰ੍ਹਾਂ ਪ੍ਰਭੂ ਦੇ ਭਾਣੇ ਅਨੁਸਾਰ ਹਰੇਕ ਜੀਵ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਸੰਸਕਾਰਾਂ ਦੇ ਰੂਪ ਵਿਚ ਮਿਲਦਾ ਹੈ। ਆਪਣੇ ਕੀਤੇ ਚੰਗੇ ਕਰਮਾਂ ਅਨੁਸਾਰ ਜਿਹੜਾ ਮਨੁੱਖ ਪ੍ਰਮਾਤਮਾਂ ਨੂੰ ਪਿਆਰਾ ਲਗ ਜਾਂਦਾ ਹੈ ਉਸ ਨੂੰ ਸੱਚ ਦੀ ਸੋਝੀ ਆ ਜਾਂਦੀ ਹੈ। ਪ੍ਰਭੂ ਦੇ ਗਿਆਨ ਵਾਲੇ ਹਿਰਦੇ ਵਿਚ ਆਤਮਕ ਸੂਝ ਦਾ ਦੀਵਾ ਜਗ ਪੈਂਦਾ ਹੈ। ਗਿਆਨ ਦੀ ਸੋਝੀ ਦੇ ਚਾਨਣ ਨਾਲ ਪ੍ਰਭੂ ਪਤੀ ਨਾਲ ਮਿਲਾਪ ਹੋਣ ਤੇ ਜੀਵ ਰੂਪ ਇਸਤ੍ਰੀ ਆਤਮਕ ਆਨੰਦ ਮਾਣਦੀ ਹੈ। ਪਰ ਜਿਸ ਜੀਵ ਇਸਤ੍ਰੀ ਨੂੰ ਵਿਕਾਰਾਂ ਨੇ ਮਾਰ ਮੁਕਾਇਆ ਹੈ ਉਸ ਨੂੰ ਪ੍ਰਭੂ ਪਤੀ ਦੀ ਸੋਝੀ ਨਹੀਂ ਹੁੰਦੀ। ਸਿਫ਼ਤ ਸਾਲਾਹ ਦੁਆਰਾ ਆਤਮਕ ਗੁਣ ਪ੍ਰਾਪਤ ਕਰਕੇ ਜੀਵ ਇਸਤ੍ਰੀ ਵਿਕਾਰਾਂ ਵੱਲੋਂ ਬਚ ਜਾਂਦੀ ਹੈ। ਉਸਦੇ ਅੰਦਰ ਸਦਾ ਪ੍ਰਭੂ ਮਿਲਾਪ ਦੀ ਤਾਂਘ ਬਣੀ ਰਹਿੰਦੀ ਹੈ।

ਜਿਨ੍ਹਾ ਨੂੰ ਵਾਹਿਗੁਰੂ ਨਾਮ ਭਗਤੀ ਦੇਂਦਾ ਹੈ ਉਹ ਆਪਣੇ ਨਿਜ ਸਰੂਪ ਵਿਚ ਕਾਇਮ ਰਹਿੰਦੇ ਹਨ, ਡੋਲਦੇ ਨਹੀਂ। ਉਹ ਹਮੇਸ਼ਾਂ ਅਰਦਾਸ ਕਰਦੇ ਰਹਿੰਦੇ ਹਨ : ਹੇ ਪ੍ਰਭੂ - ਕਿਰਪਾ ਕਰ ਕੇ ਵਿਛੋੜਾ ਨਾ ਪਾਣਾ। ਸਾਨੂੰਸਸਸਸਸਸ ਇਕ ਘੜੀ ਦਾ ਵਿਛੋੜਾ ਛੇ ਮਹੀਨੇ ਵਰਗਾ ਭਾਸਦਾ ਹੈ।



# ਬਾਰਹ ਮਾਹਾ ਮਾਂਝ ਵਿੱਚੋਂ ਕੱਤਕ ਮਹੀਨੇ ਦਾ ਪਾਠ

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੈ ਸੋਚ ॥ ੯॥

## ਵਿਆਖਿਆ:

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ‘ਨੂਰ’, ਜਲੰਧਰ

ਕੱਤਿਕ (ਕੱਤਕ) ਦੇ ਮਹੀਨੇ ਰਾਹੀਂ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਹਨ ਕਿ ਇਸ ਸੁਹਾਵਣੀ ਰੁੱਤ ਵਿਚ ਜੀਵ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਉਸ ਦੇ ਕੀਤੇ ਕਰਮਾਂ ਕਰਕੇ ਹੈ। ਜੀਵ ਪ੍ਰਮਾਤਮਾ ਨੂੰ ਭੁਲਾ ਕੇ ਪਰੇਸ਼ਾਨ ਹੁੰਦਾ ਹੈ ਅਤੇ ਸੰਸਾਰ ਦੇ ਪਦਾਰਥਾਂ ਨੂੰ ਭੋਗਣ ਵਿੱਚ ਮਸਤ ਹੋ ਜਾਂਦਾ ਹੈ ਜੋ ਕਿ ਅੰਤ ਵਿੱਚ ਦੁਖਦਾਈ ਹੋ ਨਿੱਬੜਦੇ ਹਨ। ਚੰਗੇ ਭਾਗਾਂ ਨਾਲ ਜੇ ਪ੍ਰਮਾਤਮਾ ਦਾ ਮਿਲਾਪ ਹੋ ਜਾਵੇ ਤਾਂ ਸਾਰਾ ਵਿਛੋੜੇ ਦਾ ਦੁੱਖ ਸਮਾਪਤ ਹੋ ਜਾਂਦਾ ਹੈ। ਗੁਰੂ ਨਾਨਕ ਜੀ ਸਮਝਾਉਂਦੇ ਹਨ ਕਿ ਉਸ ਬੰਦੀ-ਛੋੜ ਮਾਲਕ ਅੱਗੇ ਅਰਦਾਸ ਕਰੀਏ ਕਿ ਉਹ ਸਾਨੂੰ ਇਨ੍ਹਾਂ ਬੁਰਾਈਆਂ ਦੇ ਬੰਧਨਾਂ ਤੋਂ ਬਚਾ ਕੇ ਰੱਖੇ। ਕੱਤਕ ਦੀ ਸੁਹਾਵਣੀ ਰੁੱਤ ਵਿਚ ਜਿਸ ਨੂੰ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਏ ਉਸ ਦੇ ਸਾਰੇ ਫ਼ਿਕਰ ਖ਼ਤਮ ਹੋ ਜਾਂਦੇ ਹਨ।

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਕੱਤਕ ਦੇ ਮਹੀਨੇ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ



ਠੰਢੀ ਮਿੱਠੜੀ ਕੱਤਕ ਦੀ ਰੁੱਤ ਵਿਚ ਵੀ,
ਵਿਛੜ ਜਾਵੇ ਜੇ ਪ੍ਰਭੂ, ਗਰੂਰ ਕੀ ਹੈ ।
ਸਾਡੇ ਆਪਣੇ ਕਰਮਾਂ ਦਾ ਫਲ ਹੈ ਇਹ,
ਇਸ ਵਿੱਚ ਕਿਸੇ ਦਾ ਦਸੋ ਕਸੂਰ ਕੀ ਹੈ।

ਜੋ ਪਰਮਾਤਮਾ ਨੂੰ ਜਾਵੇ ਭੁੱਲ, ਉਸ ਨੂੰ,
ਚੰਬੜ ਸਾਰੇ ਜਹਾਨ ਦੇ ਰੋਗ ਜਾਂਦੇ।
ਮੁੱਖ ਓਸ ਤੋਂ ਜਿਹੜਾ ਵੀ ਮੋੜ ਲੈਂਦਾ,
ਜਨਮਾਂ ਜਨਮਾਂ ਦੇ ਲੱਗ ਵਿਯੋਗ ਜਾਂਦੇ।

ਜਿੰਨੀਆਂ ਮਾਇਆ ਦੀਆਂ ਮੌਜਾਂ ਤੂੰ
ਮਾਣੀਆਂ ਨੇ,
ਹਸ਼ਰ ਇਹਨਾਂ ਦਾ ਬੜਾ ਦੁਖਦਾਈ ਹੋਣਾ।
ਜਾ ਜਾ ਕੇ ਰੋਏਂਗਾ ਰੋਜ਼ ਕਿਸ ਕੋਲ ਓਦੋਂ,
ਨਹੀਂ ਕਿਸੇ ਵਿਚੋਲੇ ਸਹਾਈ ਹੋਣਾ।

ਕੁਝ ਵੀ ਆਪਣੇ ਕੀਤਿਆਂ ਨਹੀਂ ਹੁੰਦਾ
ਹੁੰਦਾ ਓਹੀ ਜੋ ਧੁਰੋਂ ਮਨਜ਼ੂਰ ਹੋਵੇ।
ਵੱਡੇ ਭਾਗਾਂ ਦੇ ਨਾਲ ਜੇ ਪ੍ਰਭੂ ਮਿਲ ਪਏ,
ਸਾਰਾ ਦੁੱਖ ਵਿਛੋੜੇ ਦਾ ਦੂਰ ਹੋਵੇ।

ਰੱਖ ਨਾਨਕ ਨੂੰ ਪ੍ਰਭੂ ਬਚਾ ਕੇ ਤੂੰ,
ਬੰਦੀਛੋੜ ਮਾਲਿਕ ਬੰਧਨ ਚੁੱਕ ਸਾਰੇ।
ਕੱਤਕ ਵਿਚ ਜਿਸ ਨੂੰ ਮਿਲ ਜਾਏ ਸਾਧਸੰਗਤ,
'ਨੂਰ' ਫ਼ਿਕਰ ਉਸ ਦੇ ਜਾਂਦੇ ਮੁੱਕ ਸਾਰੇ ।

## 'ਬਜ਼ੁਰਗ' ਦਾ ਰੁਤਬਾ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਇਹ ਰੁਤਬਾ ਮੁਫ਼ਤ ਨਹੀਂ ਮਿਲਿਆ,
ਸਭ ਨੇ ਇੱਕ ਉਮਰ ਬਿਤਾਈ ਏ।
ਬਿਨ ਕਰਮਾਂ ਤੋਂ ਇਹ ਮਿਲਦਾ ਨਹੀਂ,
ਐਵੇਂ ਕਿਉਂ ਢੇਰੀ ਢਾਈ ਏ?
ਉਮਰਾਂ ਦੇ ਤਜਰਬੇ ਨਾਲ ਅਸੀਂ,
ਹੋ ਗਏ ਹਾਂ ਮਾਲਾ ਮਾਲ ਅਸੀਂ
ਜੀਵਨ ਦੀ ਭੱਜ ਭਜਾਈ ਦੇ,
ਹੁਣ ਪੂਰੇ ਕਰ ਲਏ ਸਾਲ ਅਸੀਂ।
ਬਚਪਨ ਵੀ ਮਾਣਿਆਂ ਹੈ ਆਪਾਂ,
ਜੁਆਨੀ ਵੀ ਖ਼ੂਬ ਹੰਢਾਈ ਏ
ਇਹ...

ਹੁਣ ਛੋਟੇ ਵੱਡਿਆਂ ਦੇ ਸਿਰ ਤੇ,
ਅਸੀਂ ਹੱਥ ਧਰਾਂਗੇ ਪਿਆਰਾਂ ਦੇ।
ਹਰ ਇੱਕ ਦੇ ਦਿਲ ਵਿੱਚ ਵੱਸਾਂਗੇ,
ਅਸੀਂ ਪਾਤਰ ਬਣ ਸਤਿਕਾਰਾਂ ਦੇ।
ਇਹ ਯੁੱਗ ਸੁਨਹਿਰੀ ਆਇਆ ਏ,
ਕਰਨੀ ਇਸ ਦੀ ਵਡਿਆਈ ਏ।
ਇਹ...

ਹੁਣ ਪੋਤੇ ਪੋਤੀਆਂ ਪਾਲਾਂਗੇ,
ਤੇ ਆਪਣਾ ਜੀਅ ਪਰਚਾਵਾਂਗੇ।
ਜੋ ਪ੍ਰੇਮ ਦਾ ਜਜ਼ਬਾ ਹੈ ਅੰਦਰ,
ਬੱਚਿਆਂ ਤੇ ਰੋਜ਼ ਲੁਟਾਵਾਂਗੇ।
ਆਪਣੇ ਪੰਜਾਬੀ ਵਿਰਸੇ ਦੀ,
ਕਰਨੀ ਸਭ ਨੂੰ ਪਕਿਆਈ ਏ।

ਇਹ.....
ਅਸਾਂ ਸਾਰੀ ਉਮਰ ਗਵਾ ਲਈ ਏ,
ਪਿੱਛੇ ਲੱਗ ਮਨ ਦੀਆਂ ਖੋਟਾਂ ਦੇ।
ਨਾ ਰੱਬ ਨੂੰ ਯਾਦ ਕਦੇ ਕੀਤਾ,
ਖਾਂਦੇ ਰਹੇ ਫਿਕਰ ਹੀ ਤੋਟਾਂ ਦੇ।
ਹੁਣ ਸ਼ਾਂਤ ਅਵਸਥਾ ਆ ਗਈ ਏ,
'ਤੇ ਭਟਕਣ ਗਈ ਮਿਟਾਈ ਏ।
ਇਹ....

ਸਭਨਾਂ ਲਈ ਸਭ ਕੁੱਝ ਕੀਤਾ ਏ,
ਹੁਣ ਆਪਣਾ ਮੂਲ ਪਛਾਣਾਗੇ।
ਚੰਗੇ ਤੇ ਮੰਦੇ ਕਰਮਾਂ ਦਾ,
ਬਹਿ ਲੇਖਾ ਜੋਖਾ ਛਾਣਾਗੇ।
ਹੁਣ ਮੰਜ਼ਿਲ ਬਹੁਤੀ ਦੂਰ ਨਹੀਂ,
ਇਹ ਮੰਨਣੀ ਹੁਣ ਸਚਿਆਈ ਏ।
ਇਹ...

ਜਿੰਦੜੀ ਅਨਮੋਲ ਖਜ਼ਾਨੇ ਨੂੰ,
ਹੁਣ ਦੁਨੀਆਂ ਤਾਈਂ ਲੁਟਾਵਾਂਗੇ।
ਕੋਈ ਯਾਦ ਕਰੇਗਾ ਪਿੱਛੋਂ ਵੀ,
ਕੁੱਝ ਐਸਾ ਕਰਕੇ ਜਾਵਾਂਗੇ।
ਜੋ ਸ਼ੌਕ ਅਧੂਰੇ ਰਹਿ ਗਏ ਸੀ,
ਉਹ 'ਦੀਸ਼' ਨੇ ਰੀਝ ਪੁਗਾਈ ਏ
ਇਹ...

## ਕੋਮਲ ਪਰ ਦ੍ਰਿੜ (ਗੁਰੂ ਹਰ ਰਾਇ ਜੀ)

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਦਿਲ ਦੇ ਕੋਮਲ ਫੁੱਲ ਗੁਰੂ, ਸਿਦਕ ਦੇ ਪੱਕੇ।
ਗੁਰਮਤਿ ਬੇੜਾ ਥੰਮਿਆ, ਤੂਫ਼ਾਨਾ ਦੇ ਧੱਕੇ।
ਕੋਮਲ ਮਨ ਹਰਿ ਰਾਏ ਨੂੰ, ਗੁਰ ਦਾਦੇ ਸਮਝਾਇਆ।
ਸੰਭਲ ਸੰਭਲ ਕੇ ਚਲੋ, ਵੱਡਾ ਜਾਮਾ ਜੇ ਪਾਇਆ ।

ਬਾਈ ਸੌ ਸੂਰੇ ਘੋੜਸਵਾਰਾਂ ਦੀ ਸੈਨਾ ਕੀਤੀ ।
ਦੁਸ਼ਟਾਂ ਦੀ ਕੈਰੀ ਅੱਖ ਤੋਂ ਰੱਖਿਆ ਦੀ ਨੀਤੀ।
ਕੀਰਤਪੁਰ ਸਜਾਇਆ ਫੁਲ ਬਾਗ ਲਗਾਏ ।
ਵਾਤਾਵਰਨਣ ਦੀ ਸ਼ੁੱਧਤਾ ਲਈ ਬੂਟੇ ਲਾਏ ।

ਦਵਾਖਾਨਾ ਜੜ-ਬੂਟੀਆਂ ਦਾ ਗੁਰੂ ਚਲਾਇਆ
ਜਿਸਦੀ ਦਵਾ ਨੇ ਦਾਰਾ ਸ਼ਿਕੋਹ ਦਾ ਰੋਗ ਮਿਟਾਇਆ ।
ਸੰਤ ਉਦਾਸੀ ਸਿੱਖੀ ਦੇ ਪ੍ਰਚਾਰ 'ਚ ਲਾਏ ।
ਭਾਈ ਗੋਂਡਾ, ਨੱਥਾ, ਕਾਬੁਲ, ਢਾਕੇ ਭਿਜਵਾਏ ।

ਦਿੱਤੀ ਭਾਈ ਜੋਧ ਨੂੰ ਬਖ਼ਸ਼ਿਸ਼ ਮੁਲਤਾਨ ।
ਮਸੰਦ ਥਾਪੇ ਭੁੰਦੜ, ਭਗਤੂ, ਭਗਤ ਭਗਵਾਨ ।
ਸਿੱਖ ਸੰਗਤਾਂ ਥਾਪੀਆਂ ਜਾ ਕੇ ਦੂਰ ਦੂਰ ।
ਕਸ਼ਮੀਰ, ਸਿਆਲਕੋਟ ਤੇ ਵਿਚ ਅਖਨੂਰ ।
ਵਿਚਰੇ ਗੁਰ ਅਸਥਾਨਾਂ ਤੇ ਪ੍ਰਵਾਰਾਂ ਅੰਦਰ ।
ਗੁਰਾਂ ਜੋ ਬੰਨਿਆ ਗੋਇੰਦਵਾਲ ਸਿੱਖੀ ਦਾ ਕੇਂਦਰ ।

ਔਰੰਗਜ਼ੇਬ ਦੇ ਸਾਹਵੇਂ ਬਾਬਾ ਰਾਮ ਰਾਏ ਭਰਮਾਣੇ ।
ਬਾਣੀ ਦਾ ਇਕ ਸ਼ਬਦ ਉਲਿਟਆ ਸੁਘੜ ਸੁਜਾਣੇ ।

ਗੁਰਬਾਣੀ ਅਦਬ ਸਤਿਕਾਰ ਲਈ ਗੁਰਾਂ ਫ਼ੁਰਮਾਇਆ ।
ਅਸੀਂ ਤਿਆਗਿਆ ਰਾਮਰਾਇ ਜਿਸ ਸਿਦਕ ਡੁਲਾਇਆ ।
ਸਿੱਖ ਜਗਤ ਵਿਚ ਪ੍ਰੇਮ ਪਿਆਰ ਦੀ ਬਖ਼ਸ਼ੀ ਓਟ ।
ਚੱਟਾਨ ਵਾਂਗਰਾਂ ਅਹਿੱਲ ਬਣੇ ਸਿੱਖੀ ਦਾ ਕੋਟ ।

BHAI VEER SINGH



# ਮੀਰੀ ਪੀਰੀ ਦੇ ਸੰਕਲਪ ਦੀ ਪੂਰਤੀ ਲਈ ਬਣਾਈ ਅਕਾਲ ਸੈਨਾ
## (ਭਾਗ-1) : ਕਾਰਣ, ਉਦੇਸ਼ ਅਤੇ ਸਥਾਪਨਾ

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)



ਇਹ ਸੈਨਾ 'ਅਕਾਲ ਸੈਨਾ', 'ਅਮਰ ਦੀ ਫੌਜ', 'ਰੱਬ ਦੀ ਫੌਜ', 'ਸਦੀਵੀ ਫੌਜ' ਅਤੇ 'ਅਕਾਲੀ ਦਲ' ਦੇ ਨਾਵਾਂ ਨਾਲ ਜਾਣੀ ਜਾਂਦੀ ਸੀ। ਗੁਰੂ ਹਰਿਗੋਬਿੰਦ ਜੀ ਵਲੋਂ ਸਥਾਪਿਤ ਇਹ ਪਹਿਲੀ ਸਥਾਈ ਸਿੱਖ ਧਰਮ ਦੀ ਫੌਜ ਸੀ।

**ਕਾਰਣ:**

ਸਿੱਖ ਭਾਈਚਾਰੇ ਅਤੇ ਧਰਮ ਨੂੰ ਜੰਗੀ ਬਣਾਉਣ ਬਾਰੇ ਵੱਖ-ਵੱਖ ਵਿਚਾਰ ਹਨ। ਇੱਕ, ਮੁਗਲ ਬਾਦਸ਼ਾਹਾਂ ਦਾ ਵਧ ਰਹਿਆ ਧਾਰਮਿਕ ਕੱਟੜਵਾਦ। ਕੁਝ ਵਿਦਵਾਨ, ਖਾਸ ਕਰਕੇ ਤ੍ਰਿਲੋਚਨ ਸਿੰਘ, ਦਲੀਲ ਦਿੰਦੇ ਹਨ ਕਿ ਸਿੱਖ ਧਰਮ ਵਿੱਚ ਜੰਗੀ ਪਰੰਪਰਾ ਦੀਆਂ ਜੜ੍ਹਾਂ ਗੁਰੂ ਹਰਗੋਬਿੰਦ ਜੀ ਦੇ ਫੌਜੀਕਰਨ ਸੁਧਾਰਾਂ ਅਤੇ ਕਾਨੂੰਨਾਂ ਤੋਂ ਪਹਿਲਾਂ ਦੀਆਂ ਹਨ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਉਨ੍ਹਾਂ ਦੇ ਭਰਾ ਪ੍ਰਿਥੀ ਚੰਦ ਨੇ ਸੁਲਾਹੀ ਖਾਨ ਨਾਮ ਦੇ ਇੱਕ ਮੁਗਲ ਅਧਿਕਾਰੀ ਨੂੰ ਸਿੱਖਾਂ ਅਤੇ ਗੁਰੂ ਜੀ ਨੂੰ ਤਬਾਹ ਕਰਨ ਲਈ ਉਕਸਾਇਆ। ਉਸ ਨੇ ਇੱਕ ਬਹਾਨਾ ਬਣਾਇਆ ਕਿ ਉਹ ਅੰਮ੍ਰਿਤਸਰ ਵਿਖੇ ਸਿੱਖਾਂ ਵਿਰੁੱਧ ਇੱਕ ਛੋਟੀ ਜਿਹੀ ਟੁਕੜੀ ਦੀ ਅਗਵਾਈ ਕਰਨ ਨੂੰ ਜਾਇਜ਼ ਠਹਿਰਾਉਣ ਲਈ ਟੈਕਸ ਇਕੱਠਾ ਕਰ ਰਿਹਾ ਸੀ। ਅੰਮ੍ਰਿਤਸਰ ਦੇ ਨਿਵਾਸੀਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰਖਦੇ ਹੋਏ ਗੁਰੂ ਅਰਜਨ ਦੇਵ ਜੀ ਸ਼ਹਿਰ ਛੱਡ ਕੇ ਪਹਿਲਾਂ ਵਡਾਲੀ ਅਤੇ ਫਿਰ ਉੱਥੋਂ ਰਾਉੜ ਚਲੇ ਗਏ।

ਵਡਾਲੀ ਨੂੰ ਡਾਕੂਆਂ ਦੁਆਰਾ ਲੁੱਟਣ ਤੋਂ ਬਾਅਦ, ਗੁਰੂ ਅਰਜਨ ਦੇਵ ਜੀ ਵਾਪਸ ਆਏ ਅਤੇ ਸਥਾਨਕ ਨਿਵਾਸੀਆਂ ਦੀ ਸੁਰੱਖਿਆ ਲਈ ਦੋ ਸਾਲ ਉੱਥੇ ਰਹੇ। ਛੇਵੇਂ ਗੁਰੂ ਜੀ ਦੀ ਗੁਰਗੱਦੀ ਵੇਲੇ ਦੋ ਤਲਵਾਰਾਂ ਧਾਰਣ ਪਿਛੇ ਸ਼ਾਇਦ ਮੁਗਲਾਂ ਦਾ ਵਧ ਰਿਹਾ ਕੱਟੜਵਾਦ ਸੀ।

ਗੁਰੂ ਹਰਗੋਬਿੰਦ ਜੀ ਦਾ ਮੰਨਣਾ ਸੀ ਕਿ ਸਿੱਖ ਧਰਮ ਲਈ ਸਿਰਫ਼ ਅਧਿਆਤਮਿਕ ਕੰਮਾਂ ਤੱਕ ਹੀ ਸੀਮਿਤ ਨ ਰਹਿ ਕੇ ਜੰਗੀ ਸ਼ਕਤੀ ਅਤੇ ਸੰਸਾਰਿਕ ਅਧਿਕਾਰ ਵੀ ਬਹੁਤ ਜ਼ਰੂਰੀ ਸਨ। ਅਕਾਲ ਤਖ਼ਤ ਸਾਹਿਬ ਸਥਾਪਤ ਹੋਣ ਨਾਲ ਇਹ ਸਿੱਖ ਸ਼ਕਤੀ ਦਾ ਕੇਂਦਰ ਬਣ ਗਿਆ, ਜਿਸ ਨੇ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ ਵਜੋਂ ਇਕੱਠ ਲਈ ਇੱਕ ਸਥਾਨ ਦਿੱਤਾ। ਇਥੇ ਗੁਰੂ ਜੀ ਨੇ ਦਰਬਾਰ ਵਿੱਚ ਇੱਕ ਰਾਜੇ ਵਾਂਗ ਨਿਆਂ ਕੀਤਾ, ਹਥਿਆਰਾਂ ਅਤੇ ਘੋੜਿਆਂ ਦੇ ਤੋਹਫ਼ੇ ਸਵੀਕਾਰ ਕੀਤੇ, ਅਤੇ ਸਨਮਾਨ ਅਤੇ ਸਜ਼ਾ ਦਿੱਤੀ।

ਅਕਾਲ ਤਖ਼ਤ ਸਾਹਿਬ ਦੀ ਇਸ ਫੌਜ ਨੂੰ ਅਕਾਲ ਸੈਨਾ (ਅਮਰ ਫੌਜ), ਅਤੇ ਇਸਦੇ ਯੋਧਿਆਂ ਨੂੰ ਅਕਾਲੀ (ਅਮਰ) ਕਿਹਾ ਜਾਣ ਲੱਗਾ।

ਗੁਰੂ ਹਰਗੋਬਿੰਦ ਜੀ ਨੂੰ ਵੀ ਗੁਰੂ ਅਰਜਨ ਦੇਵ ਜੀ 'ਤੇ ਲੱਗੇ ਜੁਰਮਾਨੇ ਦੇ ਬਕਾਏ ਕਾਰਨ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦੀ ਵਜੋਂ ਭੇਜਿਆ ਗਿਆ ਸੀ। ਹਾਲਾਂਕਿ, ਗੁਰੂ ਹਰਗੋਬਿੰਦ ਜੀ ਦੀਆਂ ਮੁਸ਼ਕਲਾਂ ਦਾ ਇਹ ਇੱਕੋ ਕਾਰਨ ਨਹੀਂ ਸੀ। ਉਨ੍ਹਾਂ ਨੇ ਤਲਵਾਰ ਪਹਿਨਣੀ ਸ਼ੁਰੂ ਕਰ ਦਿੱਤੀ ਸੀ ਅਤੇ ਇੱਕ ਸਿਪਾਹੀ ਦਾ ਰੂਪ ਧਾਰਨ ਕਰ ਲਿਆ ਸੀ। ਉਹ ਸ਼ਿਕਾਰ ਕਰਦੇ ਸਨ ਅਤੇ ਅੰਗ ਰਖਸ਼ਕ ਰੱਖਦੇ ਸਨ। ਉਨ੍ਹਾਂ ਦਾ ਸ਼ਾਹਜਹਾਂ ਨਾਲ ਹਥਿਆਰਬੰਦ ਟਕਰਾਅ ਹੋਇਆ ਅਤੇ ਉਨ੍ਹਾਂ ਨੂੰ ਚਕ ਰਾਮਦਾਸਪੁਰ ਛੱਡ ਕੇ ਜਲੰਧਰ ਦੁਆਬ ਵਿੱਚ ਕਰਤਾਰਪੁਰ ਜਾਣਾ ਪਿਆ। ਉੱਥੇ ਵੀ ਉਨ੍ਹਾਂ ਨੂੰ ਫਗਵਾੜਾ ਅਤੇ ਫਿਰ ਅੜਿੱਕੇਦਾਰ ਪਹਾੜੀ ਮੁਖੀ ਤਾਰਾ ਚੰਦ ਦੇ ਇਲਾਕੇ ਵਿੱਚ ਲੜਾਈਆਂ ਲੜਨੀਆਂ ਪਈਆਂ। ਮੁਗਲ ਬਾਦਸ਼ਾਹਾਂ ਦੇ ਗੁਰੂਆਂ ਪ੍ਰਤੀ ਰਵੱਈਏ ਵਿੱਚ ਤਬਦੀਲੀ ਅਤੇ ਰਾਜ ਪ੍ਰਤੀ ਗੁਰੂ ਹਰਗੋਬਿੰਦ ਜੀ ਦੇ ਰਵੱਈਏ ਵਿੱਚ ਤਬਦੀਲੀ ਬਾਰੇ ਬਹੁਤ ਉਪਯੋਗੀ ਸਬੂਤ ਪ੍ਰਦਾਨ ਹਨ।

**ਉਦੇਸ਼:** ਗੁਰੂ ਹਰਗੋਬਿੰਦ ਸਾਹਿਬ (1595-1644) ਜੀ ਨੇ ਮਹਿਸੂਸ ਕੀਤਾ ਕਿ ਸਿੱਖ ਆਗੂਆਂ ਅਤੇ ਚੇਲਿਆਂ ਦੀਆਂ ਜ਼ਿੰਮੇਵਾਰੀਆਂ ਸਿਰਫ਼ ਧਾਰਮਿਕ ਮਾਮਲਿਆਂ ਤੱਕ ਹੀ ਨਹੀਂ ਰਹਿਣੀਆਂ ਚਾਹੀਦੀਆਂ, ਸਗੋਂ ਸਿੱਖਾਂ ਨੂੰ ਰਾਜਨੀਤਿਕ ਸਥਿਤੀਆਂ ਅਨੁਕੂਲ ਬਣਾਉਣ ਲਈ ਫੌਜੀਕਰਨ ਕੀਤਾ ਜਾਣਾ ਚਾਹੀਦਾ ਹੈ। ਅਕਾਲ ਸੈਨਾ ਜਾਲਮ ਨਾਲ ਲੜ ਕੇ ਜਾਨ ਦਾ ਜੋਖਮ ਤਿਆਗ ਕੇ ਧਾਰਮਿਕਤਾ ਦੇ ਆਪਣੇ ਮਜ਼ਬੂਤ ਸਿਧਾਂਤਾਂ ਦੀ ਰੱਖਿਆ ਲਈ ਬਣੀ ਸੀ।

**ਸਥਾਪਨਾ**: ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ, ਹਰਿਗੋਬਿੰਦ ਜੀ ਨੂੰ ਜੰਗੀ ਸਿਖਲਾਈ ਪ੍ਰਾਪਤ ਕਰਵਾਈ ਸੀ। ਗੁਰ ਗੱਦੀ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਤੇ ਪੀਰੀ ਦੀਆਂ ਤਲਵਾਰਾ ਪਹਿਨੀਆਂ ਸਨ। ਉਨ੍ਹਾਂ ਨੇ ਧਰਮ ਅਤੇ ਰਾਜਨੀਤੀ ਦੇ ਮੇਲ ਵਜੋਂ ਦਰਬਾਰ ਸਾਹਿਬ ਦੇ ਅਹਾਤੇ ਵਿੱਚ ਅਕਾਲ ਤਖ਼ਤ (ਅਮਰਤਾ ਦਾ ਤਖਤ) ਬਣਾਇਆ। ਅਕਾਲ ਤਖ਼ਤ ਦੇ ਉਦੇਸ਼ ਸਿਖੀ ਪ੍ਰਵਾਨਿਤ ਵਿਸ਼ਵਾਸ ਅਤੇ ਇਸ ਦੇ ਸਾਰੇ ਉਦੇਸ਼ਾਂ ਦੀ ਰੱਖਿਆ ਕਰਨੀ ਸਨ।

ਅਕਾਲ ਸੈਨਾ ਦੀ ਸਥਾਪਨਾ ਗੁਰੂ ਹਰਗੋਬਿੰਦ ਜੀ ਨੇ ਕੀਤੀ ਸੀ। ਇਸਨੂੰ "ਮੁਗਲ ਚੁਣੌਤੀ" ਦਾ ਸਾਹਮਣਾ ਕਰਨ ਲਈ ਸਿੱਖ ਭਾਈਚਾਰੇ ਦੀ ਇੱਕ "ਕੁਲੀਨ ਫੌਜ" ਵਜੋਂ ਦਰਸਾਇਆ ਗਿਆ। ਇਸਦਾ ਮੁੱਖ ਦਫਤਰ ਅਕਾਲ ਬੁੰਗਾ, ਅੰਮ੍ਰਿਤਸਰ ਬਣਾਇਆ। ਸ਼ੁਰੂ ਵਿੱਚ ਅਕਾਲ ਸੈਨਾ ਇੱਕ ਪੁਲਿਸ ਫੋਰਸ ਸੀ। ਗਵਾਲੀਅਰ ਦੇ ਕਿਲ੍ਹੇ ਦੀ ਜੇਲ੍ਹ ਤੋਂ ਛੇਵੇਂ ਗੁਰੂ ਦੀ ਰਿਹਾਈ ਤੋਂ ਬਾਅਦ ਹੀ ਅਕਾਲ ਸੈਨਾ ਨੇ ਫੌਜੀ ਰੂਪ ਧਾਰਨਾ ਕਰਨਾ ਸ਼ੁਰੂ ਕੀਤਾ। ਗੁਰੂ ਜੀ ਨੇ ਉਸੇ ਸਾਲ ਅੰਮ੍ਰਿਤਸਰ ਵਿੱਚ ਇੱਕ ਅਖਾੜਾ (ਫੌਜੀ ਸਿਖਲਾਈ ਕੇਂਦਰ) ਸਥਾਪਤ ਕੀਤਾ, ਜਿਸ ਨੂੰ ਰਣਜੀਤ ਅਖਾੜਾ ਕਿਹਾ ਜਾਂਦਾ ਸੀ। ਰਾਜਪੂਤਾਂ ਦੇ ਸਿੱਖ ਧਰਮ ਵਿੱਚ ਬਦਲਣ ਨਾਲ ਨਵੀਂ ਸੰਸਥਾ ਨੂੰ ਯੁੱਧ ਕਲਾ ਬਾਰੇ ਬਹੁਤ ਤਾਕਤ ਅਤੇ ਜਾਣਕਾਰੀ ਮਿਲੀ।ਸ਼ੁਰੂ ਵਿੱਚ 700-800 ਘੋੜੇ, 300-500 ਘੋੜਸਵਾਰ, 60 ਬੰਦੂਕਧਾਰੀ ਅਤੇ 60 ਤੋਪਾਂ ਸਨ। ਬਾਅਦ ਵਿਚ ਇਹ ਗਿਣਤੀ ਵੱਧ ਗਈ। ਅਕਾਲ ਸੈਨਾ ਨੇ ਮੁਗਲ ਸਾਮਰਾਜ ਅਤੇ ਇਸਦੇ ਸਹਿਯੋਗੀਆਂ ਵਿਰੁੱਧ ਧਰਮ ਯੁਧ ਜਿਤੇ।

**ਅਕਾਲ ਸੈਨਾ ਦੀ ਅਗਵਾਈ, ਸਮਾਰੇਖਾ, ਨਿਸ਼ਾਨ ਸਾਹਿਬ ਤੇ ਵਿਰਾਸਤ ਬਾਰੇ ਭਾਗ - 2 ਪੜੋ ਜੀ।**

## ਕੈਲਗਰੀ ਲੇਖਕ ਸਭਾ ਵਲੋਂ 'Some Prominent Sikh Scientists ਕਿਤਾਬ ਲੋਕ ਅਰਪਣ

ਸਭਾ ਦੀ 4 ਅਕਤੂਬਰ, 2025 ਦੀ ਇਕੱਤਰਤਾ ਵਿੱਚ ਡਾ: ਸੁਰਜੀਤ ਸਿੰਘ ਭੱਟੀ ਦੀ ਪੁਸਤਕ ਭਰਵੀਂ ਹਾਜ਼ਰੀ ਵਿੱਚ ਰਿਲੀਜ਼ ਹੋਈ। ਸਕੱਤਰ ਸਰਦਾਰਨੀ ਗੁਰਚਰਨ ਕੌਰ ਥਿੰਦ ਨੇ ਸਭ ਨੂੰ ਜੀ ਆਇਆਂ ਆਖ ਪ੍ਰਧਾਨ ਸ੍ਰ. ਜਸਵੀਰ ਸਿੰਘ ਸਿਹੋਤਾ, ਡਾ: ਸੁਰਜੀਤ ਸਿੰਘ ਭੱਟੀ ਅਤੇ ਸ੍ਰ. ਜਸਵਿੰਦਰ ਸਿੰਘ ਰੁਪਾਲ ਨੂੰ ਪ੍ਰਧਾਨਗੀ ਮੰਡਲ ਵਿੱਚ ਸੱਦਾ ਦੇਣ ਉਪਰੰਤ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਅੱਜ ਸੀਨੀਅਰਜ਼ ਦਿਵਸ ਸਬੰਧੀ ਵੀ ਚਰਚਾ ਹੋਵੇਗੀ। ਡਾ. ਭੱਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫਿਜ਼ਿਕਸ ਵਿਭਾਗ ਦੇ ਪਹਿਲੇ ਅਧਿਆਪਕ ਵਜੋਂ ਨਿਯੁਕਤ ਹੋਏ ਅਤੇ ਇਨ੍ਹਾਂ ਵਲੋਂ ਨਵੇਂ ਵਿਭਾਗ ਦੀ ਨੀਂਹ ਰੱਖੀ ਗਈ। ਇਨ੍ਹਾਂ ਦੇ ਦੁਨੀਆਂ ਭਰ ਦੇ ਸਾਇੰਸ ਜਨਰਲਜ਼ ਵਿੱਚ 100 ਤੋਂ ਉਪਰ ਪੇਪਰ ਛੱਪ ਚੁੱਕੇ ਹਨ ਅਤੇ 12 ਵਿਦਿਆਰਥੀਆਂ ਨੂੰ ਪੀ.ਐਚ.ਐਡ. ਦਾ ਖੋਜ ਕਾਰਜ ਕਰਵਾਇਆ। ਇਨ੍ਹਾਂ ਨੇ ਅਣਗੌਲ਼ੇ ਸਿੱਖ ਵਿਗਿਆਨੀਆਂ ਦੀਆਂ ਜੀਵਨੀਆਂ ਅਤੇ ਪ੍ਰਾਪਤੀਆਂ ਨੂੰ ਕਿਤਾਬ ਦੇ ਰੂਪ ਵਿੱਚ ਪਾਠਕਾਂ ਸਨਮੁੱਖ ਕਰਨ ਦਾ ਤਕੜਾ ਉਪਰਾਲਾ ਕੀਤਾ ਹੈ।

ਸ੍ਰ. ਜਸਵਿੰਦਰ ਸਿੰਘ ਰੁਪਾਲ ਨੇ ਇਸ ਕਿਤਾਬ ਤੇ ਪਰਚਾ ਪੇਸ਼ ਕੀਤਾ ਅਤੇ ਦੱਸਿਆ ਕਿ ਇਸ ਵਿੱਚ 14 ਸਿਰ-ਕੱਢ ਸਿੱਖ ਵਿਗਿਆਨੀਆਂ ਦੀਆਂ ਕਾਮਯਾਬੀਆਂ ਦਾ ਵਰਣਨ ਹੈ ਜਿਨ੍ਹਾ ਨੇ ਸਾਇੰਸ ਅਤੇ ਟੈਕਨੌਲੌਜੀ ਦੇ ਖੇਤਰ ਵਿੱਚ ਨਵੀਆਂ ਖੋਜਾਂ ਕੀਤੀਆਂ ਅਤੇ ਸਨਮਾਨ ਪ੍ਰਾਪਤ ਕੀਤੇ। ਇਨ੍ਹਾਂ ਵਿਚੋਂ ਕੁੱਝ ਨਾਮ ਪ੍ਰੋ: ਪੂਰਨ ਸਿੰਘ, ਡਾ: ਖੇਮ ਸਿੰਘ ਗਿੱਲ, ਡਾ: ਨਰਿੰਦਰ ਸਿੰਘ ਕਪਾਨੀ, ਡਾ: ਗੁਰਦੇਵ ਸਿੰਘ ਖੁਸ਼ ਅਤੇ ਡਾ: ਗੁਰਤੇਜ ਸਿੰਘ ਸੰਧੂ ਹਨ।

ਡਾ: ਭੱਟੀ ਨੇ ਸਿੱਖ ਵਿਗਿਆਨੀਆਂ ਦੀਆਂ ਪ੍ਰਾਪਤੀਆਂ ਅਤੇ ਕਾਮਯਾਬੀਆਂ ਨੂੰ ਕਲਮਬੱਧ ਕਰਨ ਦਾ ਨਿਵੇਕਲਾ ਕਾਰਜ ਕਰ ਪਾਠਕਾਂ ਨੂੰ ਅਣਮੁੱਲਾ ਤੋਹਫ਼ਾ ਪ੍ਰਦਾਨ ਕੀਤਾ ਹੈ।

ਡਾ. ਭੱਟੀ ਦੇ ਪੁੱਤਰ ਡਾ. ਰਾਜਬੀਰ ਸਿੰਘ, ਜੋ ਕਿ ਇਸ ਕਿਤਾਬ ਨੂੰ ਨੇਪਰੇ ਚੜ੍ਹਾਉਣ ਵਾਲਿਆਂ ਵਿਚੋਂ ਇੱਕ ਹਨ, ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਜੀ ਨੇ 2016-17 ਵਿੱਚ ਇਸ ਕਾਰਜ ਬਾਰੇ ਗੱਲ ਕੀਤੀ। ਆਪਟੀਕਲ ਫਾਈਬਰ ਦੀ ਖੋਜ ਕਰਕੇ ਇੰਟਰਨੈੱਟ ਖੇਤਰ ਵਿੱਚ ਜੋ ਯੋਗਦਾਨ ਡਾ. ਕਪਾਨੀ ਨੇ ਪਾਇਆ, ਕਿਸੇ ਵਿਰਲੇ ਨੂੰ ਹੀ ਪਤਾ ਹੈ। ਕਿਉਂ ਨਾ ਅਜਿਹੇ ਕੰਮਾਂ ਨੂੰ ਉਜਾਗਰ ਕੀਤਾ ਜਾਵੇ। ਇਸ ਤਰ੍ਹਾਂ ਇਸ ਖੋਜ ਕਾਰਜ ਦਾ ਕੰਮ ਸ਼ੁਰੂ ਹੋਇਆ, ਆਖਰ 2025 ਵਿੱਚ ਕਿਤਾਬ ਛੱਪ ਕੇ ਤਿਆਰ ਹੋਈ। ਡਾ. ਭੱਟੀ ਦੇ ਪੋਤਰੇ ਰਣਸ਼ੇਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਦਾਦਾ ਜੀ ਇਸ ਕਿਤਾਬ ਲਈ ਬੜੇ ਪੈਸ਼ਨੇਟ ਨੇ। ਡਾ. ਹਰਭਜਨ ਸਿੰਘ ਢਿਲੋਂ ਨੇ ਆਪਣੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਬਿਤਾਏ ਸਮੇਂ ਨੂੰ ਅਤੇ ਡਾ: ਭੱਟੀ ਹੁਰਾਂ ਨਾਲ ਸਾਂਝ ਬਾਰੇ ਦੱਸਿਆ। ਡਾ: ਸੁਖਵਿੰਦਰ ਸਿੰਘ ਥਿੰਦ ਨੇ ਪੀ.ਏ.ਯੂ. ਦੇ ਵਿਗਿਆਨੀਆਂ ਡਾ: ਖੇਮ ਸਿੰਘ ਗਿੱਲ ਅਤੇ ਡਾ: ਗੁਰਦੇਵ ਸਿੰਘ 'ਖੁਸ਼' ਨਾਲ ਯੂਨੀਵਰਸਿਟੀ ਵਿੱਚ ਬਿਤਾਏ ਸਮੇਂ ਨੂੰ ਯਾਦ ਕੀਤਾ। ਪ੍ਰੋਫੈਸਰ ਡਾ. ਬਲਵਿੰਦਰ ਕੌਰ ਬਰਾੜ ਨੇ ਕਿਹਾ ਕਿ ਅਫ਼ਸੋਸ ਹੈ ਕਿ ਸਿੱਖ ਕੌਮ ਦੇ ਜਥੇਦਾਰਾਂ ਨੂੰ ਪਤਾ ਹੈ ਕਿ ਸਿੱਖ ਕੌਮ ਵਿੱਚ ਅਜਿਹੇ ਹੀਰੇ ਹਨ ਪਰ ਉਨ੍ਹਾਂ ਦੀ ਪਰਖ ਕਰਨ ਅਤੇ ਉਸ ਦੀ ਕੀਮਤ ਪਛਾਣ ਕੇ ਲੋਕਾਂ ਤੱਕ ਪੁਚਾਉਣ ਦੀ ਕਾਰਵਾਈ ਕਰਨ ਤੋਂ ਅਸਮਰਥ ਜਾਪਦੇ ਹਨ।

ਡਾ: ਭੱਟੀ ਨੇ ਆਪਣੀ ਇਸ ਕਿਤਾਬ ਦੇ ਮਕਸਦ ਨੂੰ ਬਿਆਨ ਕਰਦੇ ਕਿਹਾ ਕਿ ਸਿੱਖ ਦੁਨੀਆਂ ਦੀ ਸਭ ਤੋਂ ਨਿਆਰੀ ਕੌਮ ਹੈ ਜਿਸਨੂੰ ਗੁਰੂ ਸਾਹਿਬ ਨੇ ਸਭ ਤੋਂ ਉੱਚੇ ਆਦੇਸ਼ ਦਿੱਤੇ ਹਨ। ਸਾਨੂੰ ਵਹਿਮਾਂ ਭਰਮਾਂ, ਈਰਖਾ ਦਵੇਸ਼ ਤੇ ਹੋਰ ਬੁਰਾਈਆਂ ਤੋਂ ਬਹੁਤ ਉੱਚਾ ਉਠਾਇਆ ਹੈ। ਸਿੱਖਾਂ ਨੇ ਆਪਣੇ ਅਸੂਲਾਂ ਵਾਸਤੇ ਲੰਮੀ ਜਦੋਜਹਿਦ ਕੀਤੀ ਹੈ। ਸੇਵਾ, ਸਾਹਿਤ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਸਿੱਖਾਂ ਦੀ ਵੱਡਮੁੱਲੀ ਦੇਣ ਹੈ। ਵਿਗਿਆਨ ਦੇ ਖੇਤਰ ਵਿੱਚ ਇਨ੍ਹਾਂ ਦੀ ਵੱਡਮੁੱਲੀ ਦੇਣ ਲੋਕ-ਚਰਚਾ ਦਾ ਹਿੱਸਾ ਨਹੀਂ ਬਣੀ, ਜਿਸ ਲਈ ਇਹ ਯਤਨ ਕੀਤਾ ਗਿਆ ਹੈ। ਉਪਰੰਤ ਸਾਰਿਆਂ ਦੀ ਹਾਜ਼ਰੀ ਵਿੱਚ ਕਿਤਾਬ ਰਿਲੀਜ਼ ਕੀਤੀ ਗਈ ਅਤੇ ਇਸ ਦਾ ਸਵਾਗਤ ਤੇ ਸ਼ਮੂਲੀਅਤ ਹੋਈ।

ਉਪਰੰਤ ਸ੍ਰ: ਜਗਬੀਰ ਸਿੰਘ, ਜੋ ਕਿ ਕੈਲਗਰੀ ਈ-ਦੀਵਾਨ ਸੋਸਾਇਟੀ ਦੇ ਇੱਕ ਸੰਸਥਾਪਕ ਹਨ, ਨੇ ਡਾ: ਸਾਹਿਬ ਨੂੰ ਵਧਾਈ ਦੇਂਦੇ ਹੋਏ ਸੋਸਾਇਟੀ ਬਾਰੇ ਵੀ ਜਾਣਕਾਰੀ ਦਿੱਤੀ ਜਿਸ ਦੇ ਡਾ: ਭੱਟੀ ਮੁਖ ਸੰਪਾਦਕ ਹਨ। ਇਸ ਸੋਸਾਇਟੀ ਵਲੋਂ 'ਸਾਂਝੀ ਵਿਰਾਸਤ' ਨਾਂ ਦਾ ਆਨ-ਲਾਈਨ ਪੰਜਾਬੀ ਮੈਗਜ਼ੀਨ ਵੀ ਛਾਪਿਆ ਜਾਂਦਾ ਹੈ। ਸਰਦਾਰਨੀ ਗੁਰਦੀਸ਼ ਗਰੇਵਾਲ ਨੇ ਇਸ ਮੈਗਜ਼ੀਨ ਲਈ ਰਚਨਾਵਾਂ ਭੇਜਣ ਅਤੇ ਸ਼ਨੀਵਾਰ ਸਵੇਰੇ ਈ-ਦੀਵਾਨ ਸੋਸਾਇਟੀ ਦੀ ਆਨ-ਲਾਈਨ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਅਤੇ ਸੀਨੀਅਰਜ਼ ਨੂੰ ਮੁਖਾਤਬ ਕਵਿਤਾ ਸਾਂਝੀ ਕੀਤੀ। ਸ੍ਰ. ਗੁਰਦਿਆਲ ਸਿੰਘ ਖਹਿਰਾ ਨੇ ਡਾ: ਭੱਟੀ ਦੀ ਕਿਤਾਬ ਨੂੰ ਨਿਵੇਕਲੀ ਪਹਿਲ ਦੱਸਦੇ ਖਡੂਰ ਸਾਹਿਬ, ਅੰਮ੍ਰਿਤਸਰ, ਵਿੱਚ ਸਿੱਖੀ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਚਾਨਣਾ ਪਾਇਆ। ਸ੍ਰ: ਜਸਵੰਤ ਸਿੰਘ ਸੇਖੋਂ, ਸ੍ਰ. ਸੁਖਮੰਦਰ ਸਿੰਘ, ਸ਼੍ਰੀ ਹਰਮਿੰਦਰ ਪਾਲ, ਸ੍ਰ. ਮਨਮੋਹਨ ਸਿੰਘ ਬਾਠ ਅਤੇ ਮੀਟਿੰਗ ਵਿੱਚ ਪਹਿਲੀ ਵਾਰ ਸ਼ਾਮਲ ਹੋਏ ਸ੍ਰ. ਚਰਨਜੀਤ ਸਿੰਘ ਫੁੱਲ ਨੇ ਬੁਲੰਦ ਤੇ ਸੁਰੀਲੀ ਅਵਾਜ਼ ਵਿੱਚ ਗਾ ਕੇ ਕਵਿਤਾਵਾਂ ਸੁਣਾਈਆਂ ਜਿਨ੍ਹਾਂ ਦਾ ਭਰਵਾਂ ਸੁਆਗਤ ਹੋਇਆ। ਸ੍ਰ. ਸਰਦੂਲ ਸਿੰਘ ਲੱਖਾ, ਸ੍ਰ. ਸਰਬਜੀਤ ਉੱਪਲ, ਸ੍ਰ. ਗੁਰਚਰਨ ਸਿੰਘ ਹੇਅਰ, ਸੰਦੀਪ ਰੂਹਵ, ਸਰਦਾਰਨੀ ਮਨਿੰਦਰ ਕੌਰ, ਸਰਦਾਰਨੀ ਹਰਜਿੰਦਰ ਕੌਰ ਬਦੇਸ਼ਾ ਅਤੇ ਸ੍ਰ. ਪ੍ਰੀਤ ਸਾਗਰ ਸਿੰਘ ਨੇ ਵੱਖ ਵੱਖ ਵਿਸ਼ਿਆਂ ਤੇ ਆਪਣੀਆਂ ਕਵਿਤਾਵਾਂ ਸੁਣਾ ਕੇ ਵਾਹ ਵਾਹ ਖੱਟੀ। ਸਰਦਾਰਨੀ ਗੁਰਨਾਮ ਕੌਰ ਨੇ ਡਾ. ਬਲਵਿੰਦਰ ਬਰਾੜ ਦੀ ਨਵੀਂ ਕਿਤਾਬ 'ਉਹ ਵੇਲਾ ਯਾਦ ਕਰ' ਤੇ ਵਿਚਾਰ ਚਰਚਾ ਪੇਸ਼ ਕੀਤੀ। ਪਹਿਲੀ ਵਾਰ ਸਭਾ ਵਿੱਚ ਸ਼ਾਮਲ ਹੋਏ ਦਿੱਲੀ ਤੋਂ ਆਏ ਸ੍ਰ. ਜਸਵਿੰਦਰ ਸਿੰਘ ਨੇ ਕਿਹਾ ਕਿ ਪ੍ਰਵਾਸੀ ਸਿੱਖਾਂ ਬਾਰੇ ਜੋ ਭਰਮ ਸੀ ਇੱਥੇ ਸਾਹਿਤਕ ਮੀਟਿੰਗ ਵਿੱਚ ਆ ਕੇ ਟੁੱਟ ਗਿਆ ਹੈ। ਇੱਥੇ ਉੱਥੋਂ ਨਾਲੋਂ ਕਿਤੇ ਜ਼ਿਆਦਾ ਸਿੱਖੀ ਅਤੇ ਹੋਰ ਸਾਹਿਤਕ ਕੰਮ ਹੋ ਰਿਹਾ ਹੈ।

ਆਖਰ ਵਿੱਚ ਪ੍ਰਧਾਨ ਸਿਹੋਤਾ ਜੀ ਨੇ ਡਾ: ਭੱਟੀ ਦੀ ਇਸ ਉੱਪਲਭਦੀ ਤੇ ਵਧਾਈ ਦਿੱਤੀ। ਸਭ ਦਾ ਅੱਜ ਦੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਦਿਲੋਂ ਧੰਨਵਾਦ ਕੀਤਾ। ਸਰਦਾਰਨੀ ਸੁਰਿੰਦਰ ਚੀਮਾ ਜੀ, ਸਰਦਾਰਨੀ ਰਵਿੰਦਰ ਕੌਰ, ਇੰਜ: ਸ੍ਰ. ਜੀਰ ਸਿੰਘ ਬਰਾੜ ਅਤੇ ਮਿਸਜ਼ ਖਹਿਰਾ ਦੀ ਹਾਜ਼ਰੀ ਜ਼ਿਕਰਯੋਗ ਰਹੀ।

ਸਰਦਾਰਨੀ ਗੁਰਚਰਨ ਕੌਰ ਥਿੰਦ, ਸਕੱਤਰ, ਕੈਲਗਰੀ ਲੇਖਕ ਸਭਾ (403-402-9635).


ਲੋਕ ਅਰਪਣ
SOME PROMINENT


ਲੋਕ ਅਰਪਣ
SOME PROMINENT
SIKH SCIENTISTS


ਲੋਕ ਅਰਪਣ
SOME PROMINENT
SIKH SCIENTISTS


ਕਲਚਰਲ ਐਸੋਸੀਏਸ਼ਨ (ਰਜਿ:)
CLSCA
CULTURAL ASSOCIATION (REGD.)


ਲੋਕ ਅਰਪਣ
SOME PROMINENT
SIKH SCIENTISTS


ਲੋਕ ਅਰਪਣ
SOME PROMINENT
SIKH SCIENTISTS


ਲੋਕ ਅਰਪਣ
SOME PROMINENT


ਲੋਕ ਅਰਪਣ
SOME PROMINENT
SIKH SCIENTISTS

## ਅਗਲੀ ਪੀੜ੍ਹੀ ਨੂੰ ਗੁਰਬਾਣੀ ਨਾਲ ਕਿਵੇਂ ਜੋੜੀਏ।

ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ (9815023970)



ਅੱਜ ਸਿੱਖ ਕੌਮ ਲਈ ਸਭ ਤੋਂ ਗੰਭੀਰ ਮਸਲਾ ਇਹ ਹੈ ਕਿ ਗੁਰਬਾਣੀ ਤੋਂ ਟੁੱਟ ਚੁਕੀ ਨੌਜਵਾਨੀ ਅਤੇ ਨਵੀਂ ਪੀੜ੍ਹੀ ਨੂੰ ਅਜੋਕੇ ਦੌਰ ਵਿਚ ਗੁਰਬਾਣੀ ਨਾਲ ਕਿਵੇਂ ਜੋੜਿਆ ਜਾਵੇ। ਇਸ ਨੂੰ ਵਿਚਾਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਗੁਰਬਾਣੀ ਦਾ ਮਹੱਤਵ ਸਮਝਿਆ ਜਾਵੇ, ਕਿ ਗੁਰਬਾਣੀ ਨਾਲ ਜੁੜਣਾ ਅਤੇ ਜੋੜਣਾ ਕਿਓਂ ਜ਼ਰੂਰੀ ਹੈ।

ਗੁਰਬਾਣੀ ਹਰ ਮਨੁੱਖ ਲਈ ਇਕ ਜੀਵਨ ਜਾਚ, ਸੇਧ ਅਤੇ ਦਰਸ਼ਨ ਹੈ। ਸਫਲ ਜੀਵਨ ਜਿਉਣ ਦੇ ਫਾਰਮੂਲੇ ਗੁਰਬਾਣੀ ਵਿੱਚ ਦੱਸੇ ਗਏ ਹਨ। ਅੱਜ ਦਾ ਮਨੁੱਖ ਤਨਾਓ ਵਿੱਚ ਜੀ ਰਿਹਾ ਹੈ ਅਤੇ ਗੁਰਬਾਣੀ ਸਾਨੂੰ ਤਨਾਅ ਮੁਕਤ ਜਾਂ ਘਟਾਉਣ ਦਾ ਤਰੀਕਾ ਦੱਸਦੀ ਹੈ।

*ਬਾਣੀ ਪੜ੍ਹਨ ਸੁਣਨ ਨਾਲ ਹਿਰਦੇ ਵਿੱਚ*
*ਠੰਡ ਪੈਂਦੀ ਹੈ।*
*ਆਪਣੇ ਭਗਤਾਂ ਦੀ ਸਦਾ ਹੈ ਲਾਜ ਰੱਖਦੀ ਹੈ।*
*ਲੱਗਣ ਦਿੰਦੀ ਨਹੀਂ ਕਦੇ ਵੀ ਲਾਜ ਬਾਣੀ।*
*ਇਹ ਸੰਸਾਰ ਹੈ ਮਾਇਆ ਦਾ ਅਗਨ ਸਾਗਰ*
*ਪਾਰ ਕਰਨ ਲਈ ਬਣੀ ਜਹਾਜ ਬਾਣੀ।*
*ਸਾਰੇ ਰੋਗਾਂ ਦਾ ਦਾਰੂ ਹੈ ਇਹ ਬਾਣੀ,*
*ਤਨਾਂ ਮਨਾਂ ਦੇ ਕਸ਼ਟ ਨਿਵਾਰਦੀ ਹੈ।*
*ਇਹਦੇ ਵਾਸਤੇ ਲੋੜ ਨਹੀਂ ਪੈਸਿਆਂ ਦੀ*
*ਇਹਦੇ ਵਾਸਤੇ ਲੋੜ ਪਿਆਰ ਦੀ ਹੈ।*

ਗੁਰਬਾਣੀ ਕੇਵਲ ਪੜ੍ਹਨ ਦਾ ਵਿਸ਼ਾ ਨਹੀਂ ਹੈ, ਗੁਰਬਾਣੀ ਨੂੰ ਸਮਝ ਕੇ ਪੜ੍ਹਨ ਅਤੇ ਇਸ ਅਨੁਸਾਰ ਜੀਵਨ ਨੂੰ ਢਾਲਣ ਨਾਲ ਹੀ ਸਾਰਥਕ ਨਤੀਜੇ ਪ੍ਰਾਪਤ ਹੋ ਸਕਦੇ ਹਨ।

ਅੱਜ ਪਦਾਰਥਵਾਦ ਦਾ ਯੁੱਗ ਹੈ ਅਤੇ ਹਰ ਮਨੁੱਖ ਨੂੰ ਮਾਇਆ ਨੇ ਆਪਣੇ ਚੱਕਰ ਵਿੱਚ ਬੁਰੀ ਤਰ੍ਹਾਂ ਫਸਾ ਕੇ ਰੱਖਿਆ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੋ ਗਿਆ ਹੈ । ਪੁਰਾਤਨ ਸਮਿਆਂ ਵਿੱਚ ਮਾਇਆ ਦਾ ਪ੍ਰਭਾਵ ਬਹੁਤ ਘੱਟ ਸੀ ਅਤੇ ਲੋਕ ਇੱਕ ਸਾਰ ਜੀਵਨ ਜਿਉਂਦੇ ਸਨ, ਗੁਰਮਤਿ, ਗੁਰਬਾਣੀ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਨੇੜੇ ਨੇੜੇ ਰਹਿੰਦੇ ਸਨ । ਗੁਰਬਾਣੀ ਅਨਸਾਰ,

*'ਜਿਨੀ ਚਲਣੁ ਜਾਣਿਆ ਸੇ ਕਿਅ ਕਰਹਿ ਵਿਥਾਰ॥'* (ਗ ਗ ਸ ਅੰਗ 787)

ਲੋਕਾਂ ਨੂੰ ਪਤਾ ਸੀ ਕਿ ਚਲੇ ਜਾਣਾ ਹੈ, ਇਸ ਲਈ ਮੌਤ ਤੇ ਰੱਬ ਨੂੰ ਹਮੇਸ਼ਾ ਯਾਦ ਰੱਖਦੇ। ਬਹੁਤਾ ਖਿਲਾਰਾ ਨਹੀਂ ਸਨ ਖਿਲਾਰਦੇ, ਸਾਦਾ ਜੀਵਨ ਜੀਊਂਦੇ ਸਨ। ਮਾਇਆ ਦੇ ਵਧਣ ਨਾਲ ਮਾਇਆ ਦਾ ਪ੍ਰਭਾਵ ਵਧਿਆ, ਪਦਾਰਥਾਂ ਦੀ ਦੌੜ ਅਤੇ ਦਿਖਾਵਾ ਵਧੇ। ਹਉਮੈ, ਤ੍ਰਿਸ਼ਨਾ ਅਤੇ ਹੋਰ ਬਿਮਾਰੀਆਂ ਵਧੀਆਂ ਅਤੇ ਮਨੁੱਖ (ਖਾਸ ਕਰਕੇ ਸਿੱਖ) ਗੁਰਬਾਣੀ ਤੋਂ ਦੂਰ ਹੁੰਦੇ ਗਏ।

ਮੋਬਾਈਲ ਕਲਚਰ ਦੇ ਆਉਣ ਨਾਲ ਇਲੈਕਟ੍ਰੋਨਿਕ ਮੀਡੀਆ ਰਾਹੀਂ ਅਸੀਂ ਇੰਟਰਨੈਟ ਦੇ ਜਾਲ ਵਿੱਚ ਫਸਦੇ ਗਏ ਅਤੇ ਬੱਚੇ ਨੈਤਿਕ ਕਦਰਾਂ ਕੀਮਤਾਂ, ਗੁਰਬਾਣੀ ਅਤੇ ਗੁਰਮਤਿ ਤੋਂ ਦੂਰ ਹੁੰਦੇ ਗਏ। ਮਾਪਿਆਂ ਨੇ ਵੀ ਬੱਚਿਆਂ ਦਾ ਧਿਆਨ ਨਹੀਂ ਕੀਤਾ ਬਲਕਿ ਆਪ ਵੀ ਇਸ ਸਿਸਟਮ ਵਿੱਚ ਉਲਝ ਕੇ ਰਹਿ ਗਏ। ਇਹ ਸਾਰੀਆਂ ਚੀਜ਼ਾਂ ਮਨੁੱਖ ਤੇ ਭਾਰੂ ਹੋ ਰਹੀਆਂ ਹਨ। ਅਸ਼ਲੀਲਤਾ ਵਧੀ ਹੈ ਅਤੇ ਵਿਕਾਰੀ ਬਿਰਤੀਆਂ ਨੂੰ ਹਵਾ ਮਿਲੀ ਹੈ। ਨਵੀਂ ਜਨਰੇਸ਼ਨ ਨੂੰ ਗੁਰਬਾਣੀ ਨਾਲ ਜੋੜਨ ਵਾਸਤੇ ਸਮੇ ਅਨੁਸਾਰ ਨਵੇਂ ਤਰੀਕੇ ਖੋਜਣੇ ਪੈਣਗੇ ਜਿਨਾਂ ਰਾਹੀਂ ਉਹਨਾਂ ਦੇ ਹਰ ਤਰਕ ਦਾ ਜਵਾਬ ਦਿੱਤਾ ਜਾ ਸਕੇ। ਸਾਨੂੰ ਆਪ ਮਾਪਿਆਂ ਨੂੰ ਸੁਚੇਤ ਅਤੇ ਉਹਨਾਂ ਦੇ ਸਵਾਲਾਂ ਦੇ ਹਾਣ ਦਾ ਹੋਣਾ ਪਵੇਗਾ ਤਾਂ ਹੀ ਅਸੀਂ ਸਫਲ ਹੋ ਸਕਾਂਗੇ। ਮਾਪਿਆਂ ਦਾ ਬੱਚਿਆਂ ਪ੍ਰਤੀ ਅਵੇਸਲਾਪਨ ਇਸ ਗਿਰਾਵਟ ਲਈ ਸਭ ਤੋਂ ਵੱਧ ਜਿੰਮੇਵਾਰ ਹੈ। ਇਥੇ ਦਾਸ ਵਲੋਂ ਕੁਝ ਸੁਝਾਅ ਦਿੱਤੇ ਜਾ ਰਹੇ ਹਨ।

1.ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਮੁੱਢਲੀ ਜਿੰਮੇਵਾਰੀ ਮਾਪਿਆਂ ਦੀ ਹੈ ।

ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਨੇਕ, ਗੁਣੀ, ਗੁਰਮਤਿ ਦੇ ਧਾਰਨੀ ਅਤੇ ਗੁਰਬਾਣੀ ਦੇ ਅਨੁਸਾਰੀ ਬਣਾਉਣਾ ਚਾਹੁੰਦੇ ਹਨ ਉਹਨਾਂ ਨੂੰ ਬਚਪਨ ਤੋਂ ਹੀ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਜਤਨ ਕਰਣਾ ਪਵੇਗਾ। ਜਨਮ ਤੋਂ ਹੀ ਜਾਂ ਇਸ ਤੋਂ ਵੀ ਪਹਿਲਾਂ ਬੱਚਿਆਂ ਨੂੰ ਗੁਰਬਾਣੀ ਅਨੁਸਾਰ ਸੰਸਕਾਰ ਦੇਣੇ ਪੈਣਗੇ। ਹੁਣ ਤਾਂ ਇਹ ਮੈਡੀਕਲ ਸਾਇੰਸ ਨੇ ਵੀ ਸਿੱਧ ਕਰ ਦਿੱਤਾ ਹੈ ਕਿ ਜਦੋਂ ਬੱਚਾ ਮਾਂ ਦੇ ਪੇਟ ਵਿੱਚ ਹੁੰਦਾ ਹੈ ਉਸ ਵੇਲੇ ਮਾਂ ਜਿਸ ਤਰ੍ਹਾਂ ਦੇ ਸੰਸਕਾਰ ਗ੍ਰਹਿਣ ਕਰਦੀ ਹੈ ਉਸਦਾ ਅਸਰ ਬੱਚੇ ਤੇ ਪੈਂਦਾ ਹੈ।

ਸੋ ਗੁਰਸਿੱਖ ਮਾਵਾਂ ਨੂੰ ਗਰਭ ਦੌਰਾਨ ਲਗਾਤਾਰ ਗੁਰਬਾਣੀ ਨਾਲ ਜੁੜੇ ਰਹਿਣਾ ਚਾਹੀਦਾ ਹੈ।

2. ਜਿਨ੍ਹਾਂ ਘਰਾਂ ਵਿੱਚ ਮਾਵਾਂ ਆਪਣੇ ਬੱਚਿਆਂ ਨੂੰ ਦੁੱਧ ਪਿਆਉਣ ਜਾਂ ਖਾਣਾ ਖਵਾਉਣ ਲੱਗਿਆਂ ਮੋਬਾਈਲ ਫੜਾ ਕੇ ਉਸ ਵਿੱਚ ਕਾਰਟੂਨ ਲਗਾ ਦਿੰਦੀਆਂ ਹਨ, ਉਹਨਾਂ ਦਾ ਭਵਿੱਖ ਅੱਜ ਅਸੀਂ ਦੇਖ ਹੀ ਰਹੇ ਹਾਂ। ਉਹਨਾਂ ਨੂੰ ਬਚਪਨ ਤੋਂ ਹੀ ਇਸ ਦੀ ਐਸੀ ਲਤ ਲੱਗ ਜਾਂਦੀ ਹੈ ਕਿ ਉਹ ਫਿਰ ਵੱਡੇ ਹੋ ਕੇ ਵੀ ਮੋਬਾਈਲ ਦਾ ਖਹਿੜਾ ਨਹੀਂ ਛੱਡਦੇ ਅਤੇ 4-5 ਸਾਲ ਦੀ ਉਮਰ ਵਿਚ ਹੂੰ ਐਨਕਾਂ ਲੱਗ ਜਾਂਦੀਆਂ ਹਨ। ਬੱਚਿਆਂ ਦਾ ਭਵਿੱਖ ਸੰਵਾਰਨ ਜਾਂ ਵਿਗਾੜਣ ਵਿੱਚ ਮਾਵਾਂ ਦਾ ਸਭ ਤੋਂ ਵੱਡਾ ਰੋਲ ਹੁੰਦਾ ਹੈ।

***ਮਾਂ ਦੀ ਸਿੱਖਿਆ ਬੱਚੇ ਨੂੰ ਜ਼ਿੰਦਗੀ ਵਿੱਚ, ਕੁਝ ਹੋਰ ਦਾ ਹੋਰ ਬਣਾ ਸਕਦੀ ।***
***ਚੰਗੀ ਮੱਤ ਬਲਵਾਨ ਬਣਾ ਸਕਦੀ, ਮਾੜੀ ਮੱਤ ਕਮਜ਼ੋਰ ਬਣਾ ਸਕਦੀ ।***
***ਜੇਕਰ ਮੋੜੇ ਨਾ ਮਾੜੀਆਂ ਆਦਤਾਂ ਤੋਂ, ਚੰਗੇ ਭਲੇ ਨੂੰ ਢੋਰ ਬਣਾ ਸਕਦੀ।***
***ਮਾਂ ਚਾਹੇ ਤਾਂ ਸਾਧ ਬਣਾ ਸਕਦੀ, ਮਾਂ ਚਾਹੇ ਤਾਂ ਚੋਰ ਬਣਾ ਸਕਦੀ ।***
***'ਨੂਰ' ਜਿਹਨੂੰ ਡਰਾਉਂਦੀ ਰਹੀ ਬਿੱਲੀਆਂ ਤੋਂ, ਉਹ ਬੱਚਾ ਕਿੱਡਾ ਕੁ ਭਲਾ ਬਲਵੰਤ ਹੋਊ ।***
***ਮਾਂ ਹੋਵੇ ਜੇ ਬੰਦਗੀ ਕਰਨ ਵਾਲੀ, ਪੁੱਤਰ ੳਸਦਾ ਲਾਜ਼ਮੀ ਸੰਤ ਹੋਊ ।***

3.ਹਰ ਸਿੱਖ ਪਰਿਵਾਰ ਆਪਣੇ ਘਰ ਵਿੱਚ ਨਵੇਂ ਸਿਰੇ ਤੋਂ 24 ਘੰਟੇ ਵਿੱਚ ਕਿਸੇ ਸਮੇਂ ਵੀ ਜਿਵੇਂ ਸੰਭਵ ਹੋ ਸਕੇ, ਪੰਜ, 10, 20 ਮਿੰਟ ਜਾਂ ਅੱਧਾ ਘੰਟਾ ਇਕੱਠੇ ਬੈਠ ਕੇ ਮੋਬਾਇਲਾਂ ਨੂੰ ਸਵਿੱਚ ਆਫ ਕਰਕੇ ਗੁਰਬਾਣੀ ਦਾ ਸਿਮਰਨ ਕਰਨ ਅਤੇ ਬਾਣੀਆਂ ਕੰਠ ਕਰਾਉਣ।

4. ਹਰ ਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਪੰਜਵੀਂ ਜਮਾਤ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੇ ਚਰਨੀ ਲਾਵੇ। ਦਸਵੀਂ ਜਮਾਤ ਤੋਂ ਬਾਅਦ ਉਸ ਨੂੰ ਗੁਰਬਾਣੀ ਵਿਆਕਰਨ ਅਨੁਸਾਰ ਸ਼ੁੱਧ ਉਚਾਰਨ ਅਤੇ ਸਹੀ ਬਿਸਰਾਮ ਦੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਸਹਿਜ ਪਾਠ, ਸੰਥਿਆ ਔਖੇ ਸ਼ਬਦਾਂ ਦੇ ਅਰਥ ਸਮਝਾਉਂਦਿਆਂ ਹੋਇਆਂ ਕਿਸੇ ਗੁਰਸਿੱਖ ਮਿਸ਼ਨਰੀ ਵਿਦਵਾਨ ਤੋਂ ਕਰਾਈ ਜਾਵੇ।ਜਦੋਂ ਬੱਚਾ ਗੁਰਬਾਣੀ ਨੂੰ ਸਮਝ ਕੇ ਪੜ੍ਹੇਗਾ ਤਾਂ ਉਸ ਨੂੰ ਬਾਣੀ ਵਿੱਚੋਂ ਰਸ ਆਵੇਗਾ।

5. ਬੱਚਿਆਂ ਨੂੰ ਇਹ ਸਮਝਾਇਆ ਜਾਣਾ ਜਰੂਰੀ ਹੈ ਕਿ ਗੁਰਬਾਣੀ ਨੂੰ ਪੜ੍ਹ ਕੇ ਹੀ ਪੁਰਾਤਨ ਸਮੇਂ ਵਿੱਚ ਵੱਡੇ ਵੱਡੇ ਸਾਹਿਤਕਾਰ, ਲੇਖਕ, ਕਵੀ ਅਤੇ ਕੁਰਬਾਨੀ ਵਾਲੇ ਗੁਰਸਿੱਖ ਬਣੇ ਜਿਨਾਂ ਦਾ ਇਤਿਹਾਸ ਵਿੱਚ ਵੱਡਾ ਨਾਮ ਹੈ। ਜਿਸ ਤਰ੍ਹਾਂ ਸੰਤ ਕਵੀ ਭਾਈ ਸਾਹਿਬ ਭਾਈ ਵੀਰ ਸਿੰਘ, ਪ੍ਰੋਫੈਸਰ ਸਾਹਿਬ ਸਿੰਘ, ਬਾਬਾ ਦੀਪ ਸਿੰਘ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ ਆਦਿ ਬਹੁਤ ਸਾਰੇ ਨਾਮ ਵਰਨਣ ਯੋਗ ਹਨ।

6. **ਨਸ਼ਿਆਂ ਦੀ ਪ੍ਰਵਿਰਤੀ :** ਜਿਨ੍ਹਾਂ ਘਰਾਂ ਵਿੱਚੋਂ ਗੁਰਬਾਣੀ ਅਤੇ ਗੁਰਮਤਿ ਨਹੀਂ ਹੈ ਉਹਨਾਂ ਦੇ ਬੱਚੇ ਮਾੜੀ ਸੰਗਤ ਤੋਂ ਨਸ਼ਿਆਂ ਅਤੇ ਹੋਰ ਬੁਰੀਆਂ ਲਾਹਨਤਾਂ ਵਿੱਚ ਪੈ ਜਾਂਦੇ ਹਨ। ਸਭ ਲਈ ਪਰੇਸ਼ਾਨੀ ਦਾ ਕਾਰਨ ਬਣਦੇ ਹਨ। ਛੋਟੀ ਉਮਰ ਬੜੀ ਸਾਵਧਾਨੀ ਵਰਤਣ ਵਾਲੀ ਹੁੰਦੀ ਹੈ, ਕਿਉਂਕਿ ਬੱਚਾ ਕਿਸੇ ਵੇਲੇ ਵੀ ਕਿਸੇ ਪਾਸੇ ਫਿਸਲ ਸਕਦਾ ਹੈ। ਬੱਚੇ ਦਾ ਖਾਸ ਧਿਆਨ ਰੱਖਣਾ ਬਹੁਤ ਜਰੂਰੀ ਹੈ। ਲੜਕੀਆਂ ਵਾਸਤੇ ਯੋਗ ਵਰ ਲੱਭਣੇ ਮੁਸ਼ਕਿਲ ਹੋ ਗਏ ਹਨ। ਡਰ ਰਹਿੰਦਾ ਹੈ ਕਿ ਕਿਤੇ ਲੜਕਾ ਨਸ਼ੇ ਨਾ ਕਰਦਾ ਹੋਵੇ। ਕੁਝ ਲੜਕੀਆਂ ਵੀ ਨਸ਼ੇ ਕਰਦੀਆਂ ਸੁਣੀਆਂ ਹਨ। ਮਾਪੇ ਬੱਚਿਆਂ ਨੂੰ ਬਚਪਨ ਤੋਂ ਹੀ ਗੁਰਬਾਣੀ ਅਤੇ ਗੁਰੂ ਘਰਾਂ ਨਾਲ ਜੋੜ ਕੇ ਰੱਖਣ।

7. **ਘਰੇਲੂ ਲਾਇਬ੍ਰੇਰੀ :** ਘਰ ਵਿੱਚ ਗੁਰਮਤਿ ਸਾਹਿਤ, ਸਿੱਖ ਇਤਿਹਾਸ ਅਤੇ ਗੁਰ-ਇਤਿਹਾਸ ਦੀਆਂ ਪੁਸਤਕਾਂ ਅਤੇ ਹੋਰ ਨੈਤਿਕ ਕਦਰਾਂ ਵਾਲੀਆਂ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਹਰ ਗੁਰਸਿੱਖ ਦੇ ਘਰ ਵਿੱਚ ਇੱਕ ਛੋਟੀ ਜਿਹੀ ਲਾਇਬਰੇਰੀ ਹੋਵੇ ਜਿਸ ਵਿੱਚ ਗੁਰਮਤਿ ਦੀਆਂ ਪੁਸਤਕਾਂ ਤੋਂ ਇਲਾਵਾ ਗੁਰਬਾਣੀ ਦੀਆਂ ਸੈਂਚੀਆਂ ਹੋਣ ਜਿਨਾਂ ਤੋਂ ਬੱਚੇ ਪਾਠ ਕਰਕੇ ਗੁਰਬਾਣੀ ਦੇ ਅਰਥ ਸਮਝ ਸਕਣ।

8. **ਅੰਮ੍ਰਿਤ ਵੇਲਾ :** ਬੱਚਿਆਂ ਨੂੰ ਅੰਮ੍ਰਿਤ ਵੇਲੇ ਉੱਠਣ ਦੀ ਆਦਤ ਪਾਉਣੀ ਚਾਹੀਦੀ ਹੈ। ਜੇ ਮਾਪੇ ਆਪ ਉੱਠ ਕੇ ਬੱਚਿਆਂ ਨੂੰ ਉਠਾ ਕੇ ਇਸ਼ਨਾਨ ਕਰਾ ਕੇ ਨਿਤਨੇਮ ਦੀਆਂ ਬਾਣੀਆਂ ਪੜ੍ਹਨ ਅਤੇ ਪੜ੍ਹਾਉਣ, ਸਾਰਾ ਪਰਿਵਾਰ ਇਕੱਠਾ ਬੈਠ ਕੇ ਅਗਰ ਨਿਤਨੇਮ ਕਰੇ ਤਾਂ ਬਹੁਤ ਅੱਛਾ ਹੈ। ਇਸੇ ਤਰ੍ਹਾਂ ਸ਼ਾਮ ਨੂੰ ਸੋਦਰ ਰਹਿਰਾਸ ਅਤੇ ਸੋਹਿਲਾ ਸਾਹਿਬ ਦੀ ਬਾਣੀ ਦਾ ਪਾਠ ਬੱਚਿਆਂ ਨੂੰ ਕਰਾਉਣਾ ਚਾਹੀਦਾ ਹੈ।

9. **ਸਿਲੇਬਸ :** ਬੱਚਿਆਂ ਦੀ ਪੜ੍ਹਾਈ ਦੇ ਸਿਲੇਬਸ ਵਿੱਚ ਨੈਤਿਕਤਾ, ਸਭਿਆਚਾਰ, ਕਿੱਸਾ ਕਾਵਿ, ਮਹਾਨ ਸ਼ਖਸੀਅਤਾਂ, ਗੁਰਬਾਣੀ, ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਪਹਿਲਾਂ ਵਾਂਗ ਸ਼ਾਮਿਲ ਕਰਾਉਣ ਲਈ ਪ੍ਰਮੁੱਖ ਸੰਸਥਾਵਾਂ ਸਰਕਾਰ ਨਾਲ ਰਾਬਤਾ ਕਾਇਮ ਕਰਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਕਮੇਟੀਆਂ ਵੱਲੋਂ ਚਲਾਏ ਜਾਂਦੇ ਸਕੂਲਾਂ ਕਾਲਜਾਂ ਵਿੱਚ ਗੁਰਮਤਿ ਦੀ ਪੜ੍ਹਾਈ ਲਾਜ਼ਮੀ ਹੋਵੇ ਜਿਸ ਵਿੱਚ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਸਿਲੇਬਸ ਵਿੱਚ ਹੋਵੇ।

10. ਗੁਰਦੁਆਰਾ ਪ੍ਰਬੰਧਕ ਕਮੇਟੀਆਂ ਆਪੋ ਆਪਣੇ ਏਰੀਏ ਵਿੱਚ ਸਰਵੇ ਕਰਕੇ ਸਿੱਖ ਪਰਿਵਾਰਾਂ ਦੀ ਨਿਸ਼ਾਨਦੇਹੀ ਕਰਨ ਅਤੇ ਪ੍ਰਚਾਰਕਾਂ ਦੀ ਟੀਮ ਹਰ ਹਫਤੇ ਉਹਨਾਂ ਦੇ ਘਰਾਂ ਵਿੱਚ ਜਾ ਕੇ ਵਿਚਾਰਾਂ ਦੀ ਸਾਂਝ ਕਰੇ ਅਤੇ ਬੱਚਿਆਂ ਨੂੰ ਗੁਰੂ ਘਰਾਂ ਵਿੱਚ ਆਉਣ ਲਈ ਪ੍ਰੇਰਿਤ ਕਰੇ । ਉਹ ਟੀਮ ਇਹ ਵੀ ਨੋਟ ਕਰੇ ਕਿ ਕਿਸ ਪਰਿਵਾਰ ਦੇ ਬੱਚੇ ਕਿਤਨੇ ਪਤਿਤ ਹਨ ਜਾਂ ਕਿਤਨੇ ਨਸ਼ਿਆਂ ਵਿੱਚ ਗਲਤਾਨ ਹਨ। ਉਹਨਾਂ ਨੂੰ ਵਾਪਸ ਮੁੜਨ ਲਈ ਪ੍ਰੇਰਿਤ ਕਰਨ। ਜਿਹੜੇ ਬੱਚੇ ਅੰਮ੍ਰਿਤਧਾਰੀ ਹਨ ਅਤੇ ਗੁਰਬਾਣੀ ਨਾਲ ਜੁੜੇ ਹੋਏ ਹਨ ਉਹਨਾਂ ਨੂੰ ਗੁਰੂ ਘਰਾਂ ਵਿੱਚ ਸੱਦ ਕੇ ਸਨਮਾਨਿਤ ਕੀਤਾ ਜਾਵੇ ਤਾਂ ਕਿ ਹੋਰ ਬੱਚਿਆਂ ਨੂੰ ਵੀ ਪ੍ਰੇਰਨਾ ਮਿਲੇ। ਇਸ ਤੋਂ ਇਲਾਵਾ ਸਿੱਖ ਸਕੂਲਾਂ ਵਿੱਚ ਉਹਨਾਂ ਦੀਆਂ ਫੀਸਾਂ ਵਿੱਚ ਵੀ ਕਟੌਤੀ ਕੀਤੀ ਜਾਵੇ ਅਤੇ ਉਹਨਾਂ ਬੱਚਿਆਂ ਲਈ ਸਕੂਲਾਂ ਕਾਲਜਾਂ ਵਿੱਚ ਉੱਚ ਸਿੱਖਿਆ ਲਈ ਸੀਟਾਂ ਰਾਖਵੀਆਂ ਰੱਖੀਆਂ ਜਾਣ।
ਜੇਕਰ ਗੁਰਸਿੱਖ ਅੰਮ੍ਰਿਤਧਾਰੀ ਬੱਚੇ ਸਿੱਖੀ ਨਾਲ ਜੁੜੇ ਹੋਏ ਸਕੂਲਾਂ, ਕਾਲਜਾਂ ਵਿੱਚ ਡੋਨੇਸ਼ਨਾਂ ਦੇ ਕੇ ਐਡਮਿਸ਼ਨ ਹਾਸਿਲ ਕਰਨ ਤਾਂ ਇਸ ਤੋਂ ਮੰਦਭਾਗੀ ਗੱਲ ਹੋਰ ਕੀ ਹੋ ਸਕਦੀ ਹੈ। ਅਤੇ ਸਕੂਲ ਕਾਲਜ ਵੀ ਉਹ ਜਿਹੜੇ ਗੁਰੂ ਕੀਆਂ ਸੰਗਤਾਂ ਦੀ ਭੇਂਟ ਕੀਤੀ ਹੋਈ ਮਾਇਆ ਨਾਲ ਚਲਦੇ ਹਨ।

11. ਸ਼੍ਰੋਮਣੀ ਕਮੇਟੀ ਮੈਂਬਰ ਅਤੇ ਹੋਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਾਰੇ ਮੈਂਬਰ ਗੁਰਸਿੱਖ ਅਤੇ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ ਅਤੇ ਉਨਾਂ ਦੇ ਬੱਚੇ ਵੀ ਗੁਰਸਿੱਖੀ ਨਾਲ ਜੁੜੇ ਹੋਏ ਹੋਣੇ ਚਾਹੀਦੇ ਹਨ ਕਿਉਂਕਿ ਉਹਨਾਂ ਕੋਲੋਂ ਹੀ ਨਵੀਂ ਜਨਰੇਸ਼ਨ ਨੇ ਪ੍ਰੇਰਨਾ ਲੈਣੀ ਹੈ।

12. ਛੁੱਟੀਆਂ ਦੌਰਾਨ ਗੁਰੂ ਘਰਾਂ ਵਿੱਚ ਲੱਗਣ ਵਾਲੇ ਸਮਰ ਕੈਂਪ ਵਿੱਚ ਵੱਧ ਤੋਂ ਵੱਧ ਬੱਚਿਆਂ ਨੂੰ ਹਾਜ਼ਰ ਹੋਣ ਲਈ ਪ੍ਰੇਰਿਤ ਕੀਤਾ ਜਾਵੇ, ਜਿੱਥੇ ਬੱਚਿਆਂ ਨੂੰ ਗੁਰਮੁਖੀ, ਦਸਤਾਰ ਸਿਖਲਾਈ ਅਤੇ ਸ਼ੁੱਧ ਗੁਰਬਾਣੀ ਉਚਾਰਨ ਅਤੇ ਗੁਰਬਾਣੀ ਕੰਠ ਕਰਨ ਦੀ ਟ੍ਰੇਨਿੰਗ ਦਿੱਤੀ ਜਾਵੇ।

13. ਸਿੱਖ ਵਿਦਵਾਨ ਅਤੇ ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਅਜੋਕੇ ਦੌਰ ਵਿੱਚ ਸਮੇਂ ਅਨੁਸਾਰ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹੋਏ ਬੱਚਿਆਂ ਨੂੰ ਆਨਲਾਈਨ ਗੁਰਮਤਿ ਕਲਾਸਾਂ ਲਗਾ ਕੇ ਜਾਂ ਆਪਣੇ ਪੇਜਿਜ਼ ਤੇ ਲਗਾਤਾਰ ਜਾਣਕਾਰੀ ਭਰਪੂਰ ਮੈਟਰ ਪੋਸਟ ਕੀਤਾ ਜਾਵੇ।

14. ਗੁਰੂ ਘਰਾਂ ਵਿਚ ਲਗਾਏ ਜਾਣ ਵਾਲੇ ਗਰੰਥੀ, ਕੀਰਤਨੀਏ, ਕਥਾਵਾਚਕ ਅਤੇ ਪ੍ਰਚਾਰਕ,ਸਭ ਦੀ ਵਿਦਿਅਕ ਅਤੇ ਧਾਰਮਿਕ ਯੋਗਤਾ ਨਿਰਧਾਰਿਤ ਹੋਣੀ ਚਾਹੀਦੀ ਹੈ, , ਘੱਟੋ ਘੱਟ ਗਰੈਜੂਏਟ, ਮਿਸ਼ਨਰੀ ਕੋਰਸ,ਅਤੇ ਗੁਰੁ ਗਰੰਥ ਸਾਹਿਬ ਦੀ ਬਾਣੀ ਦੀ ਸੰਪੂਰਨ ਸੰਥਿਆ ਕਿਸੇ ਗੁਰਸਿੱਖ ਵਿਦਵਾਨ ਜਾਂ ਮਿਸ਼ਨਰੀ ਪਰਚਾਰਕ ਜਾਂ ਕਾਲਿਜ ਵਿਚੋਂ ਪ੍ਰਾਪਤ ਕੀਤੀ ਹੋਣੀ ਚਾਹੀਦੀ ਹੈ।

15. ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਸਖਤੀ ਨਾਲ ਲਾਗੂ ਕਰਵਾਉਣ ਲਈ ਉਪਰਾਲੇ ਤੇਜ ਕੀਤੀ ਜਾਣ ਤਾਂ ਕਿ ਸੰਗਤਾਂ ਅਤੇ ਖਾਸ ਕਰਕੇ ਨਵੀਂ ਪੀੜੀ ਵਿਚ ਪਿਆ ਭੰਬਲਭੂਸਾ ਖਤਮ ਕੀਤਾ ਜਾ ਸਕੇ, ਜਿਵੇਂ ਮੂਲ ਮੰਤਰ, ਨਿੱਤਨੇਮ ਦੀਆਂ ਬਾਣੀਆਂ ਅਤੇ ਹੋਰ ਧਾਰਮਿਕ ਰਸਮਾਂ ਅਤੇ ਸੰਸਕਾਰ।

16. ਅੱਜ ਦੇ ਗਾਇਕ ਕਲਾਕਾਰ ਅਤੇ ਫਿਲਮੀ ਅਦਾਕਾਰ ਜਿਹੜੇ ਸਾਡੀ ਨੌਜਵਾਨ ਪੀੜੀ ਦੇ ਰੋਲ ਮਾਡਲ ਸਮਝੇ ਜਾਂਦੇ ਹਨ ਉਹ ਲਗਭਗ ਸਾਰੇ ਹੀ ਪਤਿਤ ਹੁੰਦਿਆਂ ਹੋਇਆਂ ਦਸਤਾਰ ਵਾਲੇ ਅਤੇ ਹੋਰ ਧਾਰਮਿਕ ਕਿਰਦਾਰ ਨਿਭਾਉਂਦੇ ਹਨ ਉਹਨਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਬੰਦੀ ਲੱਗਣੀ ਚਾਹੀਦੀ ਹੈ ਜਾਂ ਉਹ ਸਿੱਖੀ ਸਰੂਪ ਵਿੱਚ ਵਾਪਸ ਆ ਕੇ ਇਹ ਕਿਰਦਾਰ ਨਿਭਾਉਣ ਤੇ ਜਾਂ ਫਿਰ ਉਹਨਾਂ ਦੀ ਥਾਂ ਤੇ ਗੁਰਸਿੱਖ ਗਾਇਕ ਕਲਾਕਾਰਾਂ ਅਤੇ ਅਦਾਕਾਰਾਂ ਨੂੰ ਅੱਗੇ ਆਉਣ ਲਈ ਉਤਸ਼ਾਹਿਤ ਕੀਤਾ ਜਾਵੇ।

17. ਅੱਜ ਤੋਂ 20-25 ਸਾਲ ਪਹਿਲਾਂ ਕੇਵਲ ਅਖਬਾਰਾਂ ਹੁੰਦੀਆਂ ਸਨ ਜੋ ਉਸਾਰੂ ਸਾਹਿਤ ਅਤੇ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਬਾਰੇ ਖਬਰਾਂ ਤੋਂ ਸਮਾਜ ਨੂੰ ਜਾਣੂ ਕਰਵਾਉਂਦੀਆਂ ਸਨ। ਜਾਂ ਰੇਡੀਓ ਅਤੇ ਟੈਲੀਵੀਜ਼ਨ ਚੈਨਲ ਸਾਹਿਤਿਕ,ਸਮਾਜਿਕ ਧਾਰਮਿਕ ਅਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਲੋਕਾਂ ਦਾ ਮਨੋਰੰਜਨ ਵੀ ਕਰਦੇ ਸਨ, ਅਤੇ ਕਦਰਾਂ ਕੀਮਤਾਂ ਨਾਲ ਵੀ ਜੋੜਦੇ ਸਨ।ਪਰ ਅਜੋਕੇ ਦੌਰ ਵਿਚ ਟੀ ਵੀ ਚੈਨਲਾਂ, ਯੂ ਟਿਊਬ ਚੈਨਲਾਂ, ਫੇਸਬੁਕ, ਇਨਸਟਾਗਰਾਮ ਅਤੇ ਹੋਰ ਮੀਡੀਆ ਪਲੇਟਫਾਰਮਾਂ ਰਾਹੀਂ ਜੋ ਕਰਮ-ਕਾਂਡ,ਲੱਚਰਪੁਣਾ ਅਤੇ ਅਸ਼ਲੀਲਤਾ ਦਿਖਾਈ ਜਾ ਰਹੀ ਹੈ, ਉਹ ਸਮਾਜ ਨੂੰ ਅਤੇ ਵਿਸ਼ੇਸ਼ ਕਰਕੇ ਨੌਜਵਾਨ ਪੀੜੀ ਨੂੰ ਰਸਾਤਲ ਵੱਲ ਲਿਜਾ ਰਹੀ ਹੈ। ਜੋ ਕੁਝ ਪਰੋਸਿਆ ਜਾ ਰਿਹਾ ਹੈ ਲੋਕ ਉਹੀ ਛਕ ਰਹੇ ਹਨ ਤੇ ਓਹੀ ਛਕਣਗੇ ।

***ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ*** । (ਗ ਗ ਸ ਅੰਗ 50)

*ਕਦਰਾਂ ਕੀਮਤਾਂ ਦਾ ਐਸਾ ਘਾਣ ਹੋਇਆ,*
*ਸੱਭਿਆਚਾਰ ਅਫ਼ਸੋਸਿਆ ਜਾ ਰਿਹਾ ਹੈ ।*
*ਵਹਿਮਾਂ ਭਰਮਾਂ ਪਾਖੰਡਾਂ ਨੂੰ ਜਬਰਦਸਤੀ,*
*ਅੱਜ ਸਾਡੇ ਤੇ ਠੋਸਿਆ ਜਾ ਰਿਹਾ ਹੈ ।*
*ਪੂਰਾ ਫ਼ਰਜ਼ ਨਿਭਾਇਆ ਨਹੀਂ ਅਸੀਂ ਆਪਣਾ, ਨੌਜਵਾਨਾਂ ਨੂੰ ਕੋਸਿਆ ਜਾ ਰਿਹਾ ਹੈ ।*
*'ਨੂਰ' ਅੱਜ ਸਾਰੇ ਈ ਟੀ ਵੀ ਚੈਨਲਾਂ ਤੇ,*
*ਲੱਚਰਪੁਣਾ ਪਰੋਸਿਆ ਜਾ ਰਿਹਾ ਹੈ ।*
*ਅੰਮ੍ਰਿਤਸਰ ਤੋਂ ਕੀਰਤਨ ਖਤਮ ਹੁੰਦੈ*
*ਓਦੋਂ ਈ ਰਾਸ਼ੀਆਂ ਵਾਲੇ ਨੇ ਆਂ ਜਾਂਦੇ ।*
*ਜਿਨ੍ਹਾਂ ਵਿਚੋਂ ਗੁਰ ਨਾਨਕ ਨੇ ਕੱਢਿਆ*
*ਸੀ, ਉਹਨਾਂ ਈ ਭਰਮਾਂ 'ਚ ਫ਼ੇਰ ਫ਼ਸਾ ਜਾਂਦੇ ॥*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਆਪਣਾ ਆਜ਼ਾਦ ਚੈਨਲ ਚਲਾਉਣਾ ਚਾਹੀਦਾ ਹੈ ਜਿੱਥੇ 24 ਘੰਟੇ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਿਤ ਪ੍ਰੋਗਰਾਮ ਪੇਸ਼ ਕੀਤੇ ਜਾਣ, ਜਿਵੇਂ ਕਥਾ, ਕੀਰਤਨ, ਢਾਡੀ ਵਾਰਾਂ, ਕਵੀ ਦਰਬਾਰ, ਗੁਰਬਾਣੀ ਉਚਾਰਣ ਅਥੇ ਕੰਠ ਮੁਕਾਬਲੇ, ਦਸਤਾਰ ਮੁਕਾਬਲੇ ਆਦਿ। ਸਿੱਖ ਧਰਮ ਅਤੇ ਇਤਿਹਾਸਕ ਫਿਲਮਾਂ ਤਿਆਰ ਕਰਕੇ ਦਿਖਾਈਆਂ ਜਾਣ। ਇਸ ਲਈ ਸ਼੍ਰੋਮਣੀ ਕਮੇਟੀ ਦਾ ਆਪਣਾ ਆਈ ਟੀ ਵਿਭਾਗ ਅਜਿਹੇ ਪ੍ਰੋਗਰਾਮ ਤਿਆਰ ਕਰ ਅਥਵਾ ਕਰਵਾ ਸਕਦਾ ਹੈ। ਗੁਰੂ ਸਾਹਿਬਾਨ ਅਤੇ ਉਨਾਂ ਦੇ ਪਰਿਵਾਰ ਨੂੰ ਛੱਡ ਕੇ ਬਾਕੀ ਧਾਰਮਿਕ ਸ਼ਖਸੀਅਤਾਂ ਦੇ ਕਿਰਦਾਰ ਸਾਬਤ ਸੂਰਤ ਅਦਾਕਾਰਾਂ ਵੱਲੋਂ ਨਿਭਾਉਣ ਦੀ ਖੁੱਲ੍ਹ ਦੇ ਕੇ ਸਿੱਖ ਇਤਿਹਾਸ ਨਵੀਂ ਪੀੜੀ ਤੱਕ ਪਹੁੰਚਾਇਆ ਜਾ ਸਕਦਾ ਹੈ। ਸੋ ਅੱਜ ਗੁਰਬਾਣੀ ਅਤੇ ਗੁਰਮਤਿ ਅਨੁਸਾਰ ਕੁਝ ਚੰਗਾ ਪਰੋਸਨ ਦੀ ਜ਼ਰੂਰਤ ਹੈ, ਤਾਂ ਜੋ ਨਵੀ ਪੀੜ੍ਹੀ ਚੰਗੇ ਗੁਰਸਿਖ ਬਣ ਕੇ ਦੇਸ਼ ਵਿਦੇਸ਼ ਵਿਚ **ਚੜ੍ਹਦੀ** ਕਲਾ ਨਾਲ ਆਪਣੀ ਕੌਮ ਦਾ ਨਾਮ ਰੌਸ਼ਨ ਕਰਨ।

# The Equinoxes of Autumn and Spring

Dr S. Rajbir Singh Bhatti, Associate Professor,
Mount Royal University, Calgary (Canada)

Equinoxes occur twice a year, with daylight and darkness hours being of *about* the same length in both the hemispheres. This name comes from “equal” day and "nox" (night). Every year, the autumn equinox occurs around September 21-22 in the Northern hemisphere and in March 20-21 in the Southern hemisphere.

Equinoxes are events caused by Earth's axial tilt (by *about* 23.5 degrees) relative to its orbit around the Sun. Usually, the Earth’s different parts do not receive Sun's radiation equally. At equinox, however, all parts of the Earth get *almost* the same amount of light at the same moment all over the world. The Sun appears to move north for half of the year and south for the other half.

Around July, the Northern hemisphere experiences longer periods while the Southern hemisphere sees shorter periods of daylight. Around December, the opposite is true, with more daylight hours in the Southern hemisphere and fewer in the Northern Hemisphere.

In March and September every year, Earth’s tilt aligns with Sun. The Sun is now directly above the Earth’s equator and both hemispheres get nearly the same hours of daylight and night.

Sunrise occurs for us on the Earth when we see the Sun’s tip edge over the horizon, and Sunset is observed by us as the moment when the Sun’s other edge disappears under the skyline.

The Sun is a disk rather than a point-source of light. Hence, our Earth sees just a few more minutes of light (rather than darkness) during an equinox. Also, the atmosphere refracts the Sun's light, and it continues to travel to our "night-time" on the Earth for a short period, even after the Sun has dipped below the horizon.

**Unequal day-night durations**

For several days before and after the equinox, the length of a day will range from about 12 hours and 6 ½ minutes (at the equator), to 12 hours and 8 minutes (at 30 degrees latitude), to 12 hours and 16 minutes (at 60 degrees latitude).

Equinoxes do not necessarily occur on exactly the same day each year. They usually happen *around* or on March 20 and September 21.

**Shifting of Equinox Dates**

These shifting dates are because the Earth year is not exactly 365 days. There is an extra quarter of a day (*about* 6 hours) that accumulates each year, causing the date of the equinox to shift.

The March equinox is also called '*Vernal'* equinox (vernal means 'of spring') as it heralds the spring season. The September equinox is also known as '*Fall'* equinox as it coincides with the autumn season.

Planet Earth's orientation toward the Sun is also constantly shifting, tweaking the timing of the equinox. Earth is not alone in experiencing equinoxes. In fact, every other planet in the solar system has equinoxes when the planet's orbit and tilt with respect to the Sun result in both hemispheres receiving roughly equal amounts of light.

# Bhai Kirpa Singh of Matan, Kashmir (Part-2)

(by) Dr Sardar Jasbir Singh Sarna, Jammu Tawi 180002 J&K UT



Guru Teg Bahadur Sajib advised the Kashmiri Pandits to tell their rulers that if Guru Ji embraced Islam, they would also convert. This information eventually reached Aurangzeb, who issued the order for Guru Ji's arrest. On 8 July 1675, Guru Ji passed the Guruship to Guru Gobind Singh Ji and set out from Chak Mata Nanaki on 10 July. Near Ropar, at Malikpur Rangharan, he was arrested on 12 July 1675 by Mirza Nur Muhammad and sent to the Faujdar of Sirhind, Dilawar Khan, where he was kept under house arrest for nearly four months.

Guru Ji's martyrdom was solely for the defense of the universal right to religious freedom. It strengthened the principle of religious freedom in India and instilled courage among the oppressed. Guru Gobind Singh Ji carried this resolve forward by founding the Khalsa Panth in 1699, breaking of societal and religious shackles. Later, Bhai Kirpa Ram received Amrit and became Bhai Kirpa Singh Dutt and attained martyrdom in the Battle of Chamkaur.

Guru Sahib, along with his companions, was arrested and brought to Delhi. The Subedar of Delhi said to Guru Ji: *"We have three conditions for you; choose whichever you find acceptable:*

*Display a miracle, Accept Islam. Be ready to die."* After hearing these three conditions of the Delhi ruler, Guru Ji said, "I do not accept the first two conditions. If your intention is sincere, I accept the third condition." Upon hearing this, the Governor of Delhi remarked, "Such firm faith! He is ready to die but not willing to abandon his faith and live. Seeing this, the Qazi said, 'I have already stated that unless he accepts Islam, no leniency should be shown to him."(9)

In front of Guru Sahib, the three devoted Sikhs of the Guru were martyred.

*"First, Dyal Das was bound and killed. Then Mati Das was sawn alive. Then Guru Ji's third companion, Sati Das, was wrapped in cotton and burned alive. Guru Ji witnessed these martyrdoms with His own eyes. He proclaimed, 'Blessed is Sikhism, blessed is Sikhism.' He further said that the martyrdom of these Sikhs has shaken the very foundations of the Turkic rule, and this rule will not last long."(10)*

Guru Tegh Bahadur Sahib was martyred at Chandni Chowk, Delhi.

*"First, the True Guru recited the five stanzas of Japji Sahib and the final Salok aloud, then tied His hands and bowed His head. The executioner struck, and the head was separated from the body. The thread tied around His neck did not catch fire. People witnessing this were astonished."(11)*

In the court of Guru Gobind Singh Sahib, the Sikhs of Jammu and Kashmir held great respect and status. Guru Nanak Sahib, Guru Hargobind Sahib, and Guru Har Rai Sahib had blessed the land of Kashmir with their sacred presence.

Guru Gobind Singh Ji had visited Jammu, Basohli, and other towns (12). Guru Sahib had sent several devoted Sikhs to Jammu and Kashmir for preaching. When the history of the Five Beloved Ones (*Panj Pyare)* is narrated in history, names of five Kashmiri Sikhs are prominently mentioned in the first list (13).

*"Kashmir Singh became unparalleled, Of the Brahmin caste, like a precious gem. Known as Kripa Singh, Ram Singh, wise in thought, Gurmukh Singh, the third with devotion, Sanmukh Singh, the fourth, was greatly fortunate. When Guru's grace descended ,Daya Singh, the fifth, brought joy."(14)*

The jewel of Kashmir's Sikh heritage, Bhai Kripa Singh, was born in Mattan (Kashmir). The date of his martyrdom is well documented. His family were Datt Brahmins, who had close associations with the Sikh Gurus. Like the Chhibber and Rajput families, the Bhatts frequently visited their home. The Datt family of Matan was known as Guru's Sikhs for generations. His great-grandfather, Pandit Brahm Das, had met Guru Nanak Sahib during His visit to Kashmir. This meeting took place near the springs of Machbhavan in Mattan. Listening to the Guru, Brahm Das became His disciple.

Pandavahi at Haridwar says:

*"Kripa Ram, Shiv Das, Chola Ram, sons of Aru Ram, grandson of Narain Das, great-grandson of Brahm Das, of the lineage of Thakur Das. Shiv Das came in Samvat 1723, bringing flowers of Mother Saraswati to Ganga, accompanied by Kabula, and Praga Das, son of Chhibber, also came."*

When, in Kashmir, under the orders of Aurangzeb, Governor Iftikhar Khan enforced forced conversions, the prominent Pandit scholars were greatly distressed. Many considered it better to convert to Islam under this pressure. Finally, after deliberation, the Pandits decided that only Guru Tegh Bahadur Sahib, the ninth embodiment of Guru Nanak, could save them from this tyranny. A group of sixteen learned Pandits, led by Bhai Kripa Ram, set out for Anandpur Sahib. It is worth noting here that Iftikhar Khan was the Governor of Kashmir from 1671 to 1676 CE.(15). Regarding the Pandits' visit to Anandpur, it is recorded in "Guru Kian Sakhian":

*"Guru Ji was at Chak Nanaki, and two years had passed there. In Jeth Sudi Ekadashi, Samvat 1732, congregations came from various places for the Guru's darshan. Kripa Ram, son of Aru Ram Datt of Matan, Kashmir, arrived with a group of Brahmins. They pleaded, 'O Merciful One! The ruler of Kashmir is forcibly converting us to Islam; please help us. We have no one else to turn to.' Guru Ji consoled them, saying, 'Baba Nanak will protect you.' Guru Ji then looked towards the sky, and after a moment, addressing the congregation, said, 'Without sacrificing one's head, this cause will not be successful. Previously, Guru Arjan gave His life; now, it will be my turn.' Saying this, He entered a state of deep meditation."(16).*

(Bhat Vahi):

"*Bhai Kripa Ram, son of Aru Ram, grandson of Narain Das, great-grandson of Brahm Das, Datt Brahmins of Matan, Kashmir, arrived at Chak Nanaki, Pargana Kahloor, at the court of Guru Tegh Bahadur on Jeth Sudi Ekadashi, Samvat 1732, with a group of Brahmins, seeking help. Guru Ji consoled them, saying, 'Baba Nanak will protect you."(17)*

Pandavahi written in Sharada records:

*"Brahm Das, Har Charan Das (sons of Thakur Das), Narain Das (son of Brahm Das), Aru Ram, Alu Ram (sons of Narain Das), Kripa Ram, Shiv Das, Chela Ram (sons of Aru Ram), Dharm Chand, Ishar Das (sons of Kripa Ram) came to Matan Martand Tirth for a bath with Mother Saraswati and wife Sumitra Devi on Kartik Purnima, Samvat 1727."*

Shiv Das (Sanmukh) the younger brother of Kirpa Ram, later served as a teacher to Guru Gobind Singh Ji. He held an important position in the Anandpur court, serving with dedication. In 1699, Bhai Kirpa Ram and Sanmukh took *Khande di Pahul* from Guru Gobind Singh Sahib and became Kirpa Singh and Sanmukh Singh . During the Battle of Chamkaur, on 8 Poh 1762 BK (7 December 1705 CE), they attained martyrdom while fighting bravely. Guru Gobind Singh Ji Himself performed the last rites for Kirpa Singh and the other fallen Sikhs. Bhat Vahi records:

*"Kirpa Singh, son of Aru Ram, and Sanmukh Singh, son of Aru Ram, grandsons of Narain Das, of the Datt Brahmin lineage, fought bravely at Chamkaur in the Pargana of Ropar, facing the Mughal army and attained martyrdom. What followed, only the Guru knows."*

Among others martyred in the Battle of Chamkaur was Bhai Jawand Singh, grandson of Makhan Shah Lubana, a resident of Mota Tanda (Pargana Muzaffarabad). Similarly, Ram Singh Kashmiri, who served as a chaur-bardar (fan-bearer) for Guru Gobind Singh Ji, was martyred at Nirmoh Garh on 12 Kartik 1755 BK. Likewise, Man Singh, who was appointed the ruler of Kashmir, was martyred at Muktsar. Kushal Singh, son of Makhan Shah Lubana, was also martyred at Lohgarh. Religious leaders personally or through their representatives visited Kashmir. During the rule of Raja Sukh Jiwan Mal (1753–62), many Punjabi Hindus, Sikhs, and Sansis migrated with him, some joining his army while others worked in the revenue department. After his tragic death, many of these people decided to settle permanently in Kashmir. Punjabi settlers in Kashmir established new colonies in remote, hilly areas.

According to the Encyclopaedia of Sikhism, "Kirpa Singh Datt (d. 1705) was the son of Bhai Aru Ram, a Sarasvat Brahmin from Matan (65 km east of Srinagar). Aru Ram had met Guru Har Rai during the latter's visit to Kashmir in 1660. In May 1675, Kashmiri Brahmins, oppressed by Aurangzeb, came to Guru Tegh Bahadur at Anandpur, led by Kripa Ram, and conveyed their grievances regarding forced conversions, increased taxation, and threats to the honour of their women. Guru Ji told

Kripa Ram returned to Anandpur. From 1675 to 1690, Guru Gobind Singh Ji studied Sanskrit, Persian, Arabic, and Punjabi, with Pandit Kripa Datt assisting Him. Inspired by the legacy of sacrifices, Guru Gobind Singh founded the Khalsa Panth on 31 March 1699 at Anandpur Sahib.

Pandit Kripa Ram Datt took *Khande di Pahul* and was renamed Kripa Singh. By the end of 1699, Anandpur Sahib was besieged. When the fort was evacuated, the Mughals attacked, breaking their promises. Guru Ji, with forty Sikhs, reached the fort of Chamkaur, where Bhai Kripa Singh was martyred in the battle on 7 December 1705."

The martyrdom of Guru Tegh Bahadur Ji stands as a unique symbol in world history for the protection of religious freedom, justice, and ideals. It is an exceptional example of Sikhism's liberal and humanistic ideals, continuing to inspire the cause of human rights even today. The intervention, prompted by Bhai Kirpa Ram Dutt's delegation, remains a unique example where a spiritual leader sacrificed his life for the religious rights of another community. True spirituality entails active defense of justice, freedom, and human dignity. Foundation of the Khalsa Panth was deeply rooted in this legacy of martyrdom. Today, Guru Ji's sacrifice inspire global movements for human rights and religious freedom, offering a model of ethical courage, interfaith solidarity, and commitment to the dignity of all individuals, regardless of faith.

**References**


9. ਗੁਰੂ ਕੀਆਂ ਸਾਖੀਆਂ, ਉਹੀ, ਅੰਕ 81–82. 10. ਉਹੀ,ਅੰਕ 83, 11. ਉਹੀ, ਅੰਕ 84

12. ਸਰਨਾ ਜਸਬੀਰ ਸਿੰਘ – ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼, ਯੂਨੀਸਟਾਰ ਚੰਡੀਗੜ੍ਹ, 2020.

13. ਪਦਮ ਪਿਆਰਾ ਸਿੰਘ – ਚਾਲੀ ਮੁਕਤੇ, ਪਟਿਆਲਾ, 1991, ਅੰਕ: 19

14. ਕੁਇਰ ਸਿੰਘ –ਗੁਰਬਿਲਾਸ ਪਾਤਸ਼ਾਹ 10, ਅਧਿਆਇ 8, ਭਾਸ਼ਾ ਵਿਭਾਗ ਪਟਿਆਲਾ, (1751 ਈ.)

15. ਭੱਟ ਵਹੀ ਮੁਲਤਾਨੀ ਸਿੰਧੀ, 16. Parmu, K , ibid,

17. Harbans Singh (Ed.), Encyclopedia of Sikhism, Punjabi University, Patiala, Vol. II, p. 147-151.

## ਭਾਈ ਗੁਰਦਾਸ ਜੀ – ਜੀਵਨ ਅਤੇ ਰਚਨਾ

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)

ਸਿੱਖੀ ਸਿਧਾਂਤਾਂ ਅਤੇ ਗੁਰਬਾਣੀ ਦੇ ਵਿਆਖਿਆਕਾਰ ਵਜੋਂ ਜਾਣੇ ਜਾਂਦੇ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਸਿੱਖ ਕੌਮ ਅੰਦਰ ਵਿਸ਼ੇਸ਼ ਸਥਾਨ ਅਤੇ ਸਤਿਕਾਰ ਹੈ। ਕਿਹਾ ਜਾਂਦਾ ਹੈ ਕਿ ਜਿਸ ਨੇ ਭਾਈ ਗੁਰਦਾਸ ਜੀ ਨੂੰ ਨਹੀਂ ਪੜ੍ਹਿਆ, ਉਸ ਨੂੰ ਗੁਰਬਾਣੀ ਦੀ ਪੂਰਨ ਸਮਝ ਨਹੀਂ ਆ ਸਕਦੀ। ਉਹਨਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਵਿੱਚ ਜਾਨਣ ਦੀ ਕੋਸ਼ਿਸ਼ ਕਰਦੇ ਹਾਂ।



ਸ੍ਰ. ਜਸਵਿੰਦਰ ਸਿੰਘ ਰੁਪਾਲ

ਭਾਈ ਗੁਰਦਾਸ ਜੀ ਦਾ ਜਨਮ 1551 ਈਸਵੀ ਨੂੰ ਪਿਤਾ ਸ੍ਰੀ ਈਸ਼ਰ ਦਾਸ ਜੀ ਦੇ ਘਰ ,ਮਾਤਾ ਜੀਵਨੀ ਦੀ ਕੁੱਖੋਂ ਪਿੰਡ ਗਿਲਵਾਲੀ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਗੁਰੂ ਅਮਰਦਾਸ ਜੀ ਦੇ ਚਚੇਰੇ ਭਰਾ ਸਨ। ਭਾਈ ਗੁਰਦਾਸ ਜੀ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸਨ। ਛੋਟੀ ਉਮਰ ਵਿੱਚ ਹੀ ਪਹਿਲਾਂ ਪਿਤਾ ਅਤੇ ਫੇਰ ਮਾਤਾ ਜੀ ਚੜ੍ਹਾਈ ਕਰ ਗਏ। ਭੱਲਾ ਪਰਿਵਾਰ ਦੇ ਨਾਲ ਗੁਰੂ ਅਮਰਦਾਸ ਜੀ ਦੇ ਵਸਾਏ ਨਗਰ ਗੋਇੰਦਵਾਲ ਸਾਹਿਬ ਵਿਚ ਆ ਵੱਸੇ ਅਤੇ ਗੁਰੂ ਦਰਬਾਰ ਨਾਲ ਜੁੜ ਗਏ। ਕਿਸੇ ਵੀ ਇਤਿਹਾਸਕ ਸਰੋਤ ਵਿੱਚ ਭਾਈ ਸਾਹਿਬ ਦੀ ਪਤਨੀ ਜਾਂ ਬੱਚਿਆਂ ਦਾ ਜਿਕਰ ਨਾ ਮਿਲਣ ਤੇ ਇਹੀ ਕਹਿ ਸਕਦੇ ਹਾਂ ਕਿ ਉਹਨਾਂ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ। 1579 ਈਸਵੀ ਵਿੱਚ ਗੁਰੂ ਰਾਮਦਾਸ ਜੀ ਨੇ ਆਪ ਜੀ ਨੂੰ ਸਿੱਖੀ ਵਿੱਚ ਪ੍ਰਵੇਸ਼ ਕਰਵਾਇਆ। ਅਤੇ ਆਪ ਬਾਣੀ ਨਾਲ ਅਤੇ ਸਿੱਖੀ ਸਿਧਾਂਤਾਂ ਨਾਲ ਆਪਣੇ ਪਿਆਰ ਸਦਕਾ ਗੁਰੂ ਸਾਹਿਬ ਦੇ ਨਜ਼ਦੀਕ ਹੁੰਦੇ ਗਏ।

ਆਪ ਜੀ ਨੇ ਆਪਣੀ ਸਾਰੀ ਉਮਰ ਹੀ ਗੁਰੂ ਦਰਬਾਰ ਦੀ ਸੇਵਾ ਕਰਦਿਆਂ ਅਤੇ ਸਿੱਖੀ ਦਾ ਪ੍ਰਚਾਰ ਕਰਦਿਆਂ ਬਿਤਾਈ। ਆਪ ਜੀ ਨੂੰ ਸੰਸਕ੍ਰਿਤ, ਫ਼ਾਰਸੀ,ਪੰਜਾਬੀ ਅਤੇ ਬ੍ਰਜ ਭਾਸ਼ਾਵਾਂ ਦਾ ਗਿਆਨ ਸੀ। ਆਪ ਨੇ ਪੁਰਾਤਨ ਗ੍ਰੰਥਾਂ ਅਤੇ ਹੋਰ ਧਰਮਾਂ ਦਾ ਅਧਿਐਨ ਵੀ ਕੀਤਾ ਹੋਇਆ ਸੀ। ਆਪ ਜੀ ਵੱਖ ਵੱਖ ਸੰਤਾਂ ਫਕੀਰਾਂ ਜੋਗੀਆਂ ਆਦਿ ਦੀਆਂ ਗੁਰੂ ਸਾਹਿਬਾਨ ਨਾਲ ਮੁਲਾਕਾਤਾਂ ਸਮੇਂ ਕੋਲ ਹੁੰਦੇ ਸਨ ,ਜਿਸ ਕਾਰਨ ਉਹਨਾਂ ਦਾ ਧਾਰਮਿਕ ਗਿਆਨ ਹੋਰ ਵਿਸ਼ਾਲ ਹੁੰਦਾ ਗਿਆ। ਗੁਰੂ ਰਾਮਦਾਸ ਜੀ ਦੇ ਭੇਜਣ ਤੇ ਆਪ ਆਗਰਾ ,ਬਨਾਰਸ ,ਲਖਨਊ, ਬੁਰਹਾਨਪੁਰ ਆਦਿ ਥਾਵਾਂ ਤੇ ਗੁਰਮਤਿ ਪ੍ਰਚਾਰ ਲਈ ਵੀ ਗਏ। 1581 ਈਸਵੀ ਵਿੱਚ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਸਾਹਿਬ ਜੀ ਕੋਲ ਆ ਗਏ ਅਤੇ ਬਾਬਾ ਬੁੱਢਾ ਜੀ ਨਾਲ ਮਿਲ ਕੇ ਸਾਰੇ ਪ੍ਰਬੰਧਾਂ ਨੂੰ ਦੇਖਣ ਲੱਗੇ । ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪ ਜੀ ਨੇ ਅੱਗੇ ਹੋ ਕੇ ਸੇਵਾ ਕੀਤੀ।

ਪ੍ਰਿਥੀ ਚੰਦ ਦੇ ਪਾਏ ਹੋਏ ਬਖੇੜੇ ਸਮੇਂ ਵੀ ਸੰਗਤਾਂ ਨੂੰ ਸੇਧ ਦੇਣ, ਸਚਾਈ ਸਮਝਾਉਣ ਅਤੇ ਸਿੱਖੀ ਦੇ ਮੂਲ ਰਸਤੇ ਤੋਂ ਨਾ ਡੋਲਣ ਦੇਣ ਵਿਚ ਆਪ ਜੀ ਦਾ ਵੱਡਾ ਯੋਗਦਾਨ ਰਿਹਾ। 1596-97 ਵਿੱਚ ਜਦੋਂ ਅਕਬਰ ਕਰਤਾਰਪੁਰ ਆਇਆ ਸੀ, ਤਾਂ ਉਸਨੂੰ ਪ੍ਰਿਥੀ ਚੰਦ ਹੋਰਾਂ ਨੇ ਗੁਰਬਾਣੀ ਵਿੱਚ ਮੁਸਲਮਾਨਾਂ ਦੇ ਵਿਰੁੱਧ ਲਿਖੇ ਹੋਣ ਬਾਰੇ ਭੜਕਾਇਆ ਗਿਆ ਸੀ। ਭਾਈ ਗੁਰਦਾਸ ਜੀ ਦੀ ਡਿਊਟੀ ਲੱਗੀ ਸੀ, ਅਕਬਰ ਨੂੰ ਬਾਣੀ ਸੁਣਾਉਣ ਅਤੇ ਸਮਝਾਉਣ ਦੀ। ਭਾਈ ਸਾਹਿਬ ਨੇ ਬੇਤਰਤੀਬੀ ਵਿਚ ਕਿਤੋਂ ਵੀ ਸ਼ਬਦ ਲੈ ਕੇ ਜਦੋਂ ਉਸਦੇ ਅਰਥ ਅਕਬਰ ਨੂੰ ਸਮਝਾਏ, ਤਾਂ ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ ਸੀ ਅਤੇ ਉਸਦੇ ਸਾਰੇ ਭੁਲੇਖੇ ਦੂਰ ਹੋ ਗਏ ਸਨ ।

ਜਦੋਂ ਗੁਰੂ ਅਰਜਨ ਸਾਹਿਬ ਨੇ ਬਾਣੀ ਨੂੰ ਮਿਲਾਵਟ ਤੋਂ ਬਚਾਉਣ ਲਈ ਗ੍ਰੰਥ ਰੂਪ ਵਿੱਚ ਸੰਕਲਨ ਕਰਨਾ ਸ਼ੁਰੂ ਕੀਤਾ ਅਤੇ ਪਹਿਲੇ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਨੂੰ ਰਾਗਾਂ ਅਨੁਸਾਰ ਨਵੀ ਤਰਤੀਬ ਦਿੱਤੀ ਤਾਂ ਭਾਈ ਗੁਰਦਾਸ ਜੀ ਨੂੰ ਆਪਣਾ ਸਹਾਇਕ ਨਿਯੁਕਤ ਕੀਤਾ। ਅਤੇ ਪੋਥੀ ਤੋਂ ਆਦਿ ਗ੍ਰੰਥ ਰੂਪ ਦੇਣ ਲਈ ਲਿਖਾਰੀ ਹੋਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਮਿਲਿਆ। ਇਹ ਸਾਰਾ ਕਾਰਜ 1604 ਈਸਵੀ ਵਿੱਚ ਸੰਪੂਰਨ ਹੋਇਆ ਸੀ। ਇਸ ਤਰਾਂ ਸਾਰੀ ਦੀ ਸਾਰੀ ਬਾਣੀ ਭਾਈ ਗੁਰਦਾਸ ਜੀ ਦੇ ਹੱਥੋਂ ਲਿਖੀ ਗਈ ਹੋਣ ਕਾਰਨ ਉਹਨਾਂ ਨੂੰ ਬਾਣੀ ਦੀ ਸਮਝ ਅਤੇ ਸਿਧਾਂਤਕ ਪਕੜ ਬਾਕੀ ਸਭ ਨਾਲੋਂ ਵੱਧ ਸੀ। 1606 ਈਸਵੀ ਵਿੱਚ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਪਿੱਛੋਂ ਆਪ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਵਿੱਚ ਰਹੇ।

ਅਕਾਲ ਬੁੰਗੇ ਦੀ ਉਸਾਰੀ ਸਮੇਂ ਵੀ ਆਪ ਜੀ ਨੇ ਸੇਵਾ ਕਰਵਾਈ। 1621 ਈਸਵੀ ਨੂੰ ਮਾਤਾ ਗੰਗਾ ਜੀ ਦੇ ਸਵਰਗਵਾਸ ਹੋਣ ਉੱਤੇ ਅਤੇ 1631 ਈਸਵੀ ਵਿੱਚ ਬਾਬਾ ਬੁੱਢਾ ਜੀ ਦੇ ਅਕਾਲ ਚਲਾਣਾ ਕਰਨ ਉੱਤੇ ਅੰਤਿਮ ਅਰਦਾਸ ਭਾਈ ਗੁਰਦਾਸ ਜੀ ਨੇ ਹੀ ਕੀਤੀ ਸੀ। ਗੁਰੂ ਹਰਿਗੋਬਿੰਦ ਜੀ ਨੂੰ ਜਦੋਂ ਗਵਾਲੀਅਰ ਦੇ ਕਿਲੇ ਵਿੱਚ ਕੈਦ ਕੀਤਾ ਗਿਆ ਸੀ, ਤਾਂ ਸੰਗਤਾਂ ਨੂੰ ਧਰਵਾਸ ਦੇਣ ਅਤੇ ਗਵਾਲੀਅਰ ਲਿਜਾਣ ਸਮੇਂ ਵੀ ਆਪ ਜੀ ਨੇ ਅਗਵਾਈ ਕੀਤੀ ਸੀ।

1637 ਈਸਵੀ ਵਿਚ ਆਪ ਅਕਾਲ ਚਲਾਣਾ ਕਰ ਗਏ। ਆਪ ਜੀ ਦੀ ਲਿਖੀ ਰਚਨਾ ਨੂੰ ਗੁਰੂ ਅਰਜਨ ਸਾਹਿਬ ਨੇ ਮਾਣ ਦਿੱਤਾ ਹੈ ਅਤੇ ਪਰੰਪਰਾ ਮੁਤਾਬਕ ਉਸ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਗਿਆ ਹੈ।

## ਭਾਈ ਗੁਰਦਾਸ ਜੀ ਦੀਆਂ ਰਚਨਾਵਾਂ

ਭਾਈ ਗੁਰਦਾਸ ਜੀ ਦੀ ਲਿਖਤ ਤਿੰਨ ਰੂਪਾਂ ਵਿੱਚ ਮਿਲਦੀ ਹੈ।

1.ਸੰਸਕ੍ਰਿਤ ਸਲੋਕ :-

ਇਹ ਗਿਣਤੀ ਵਿਚ ਸਿਰਫ 6 ਹਨ। ਅਨੁਸ਼ਟੁਪ ਛੰਦ ਵਿਚ ਲਿਖੇ ਇਹਨਾਂ ਸਲੋਕਾਂ ਬਾਰੇ ਪ੍ਰਚਲਿਤ ਹੈ ਕਿ ਇਹ ਪੰਡਿਤਾਂ ਦੇ ਆਖਣ ਤੇ ਵਾਹਿਗੁਰੂ ਸ਼ਬਦ ਦੀ ਵਿਆਖਿਆ ਵਿਚ ਹੀ ਲਿਖੇ ਸਨ।

2.ਪੰਜਾਬੀ ਵਿੱਚ ਵਾਰਾਂ :-

ਇਹਨਾਂ ਦੀ ਗਿਣਤੀ 40 ਹੈ। ਇਹਨਾਂ ਵਾਰਾਂ ਦੀ ਸੰਕੁਚਿਤ ਭਾਸ਼ਾ ਗਾਗਰ ਵਿੱਚ ਸਾਗਰ ਦੇ ਅਖਾਣ ਤੇ ਪੂਰਾ ਢੁਕਦੀ ਹੈ।

ਭਾਵੇਂ ਪੁਰਾਤਨ ਸਰੋਤਾਂ ਵਿੱਚ 39 ਵਾਰਾਂ ਦਾ ਜਿਕਰ ਹੈ ਪਰ ਖੋਜੀ ਵਿਦਵਾਨਾਂ ਨੇ ਭਾਸ਼ਾ, ਸ਼ੈਲੀ ਆਦਿ ਦੇ ਮਿਲਣ ਤੋਂ 40-ਵੀ ਵਾਰ ਵੀ ਸ਼ਾਮਲ ਕੀਤੀ ਹੈ। ਇਹਨਾਂ ਵਾਰਾਂ ਵਿੱਚ ਸਿੱਖੀ ਸਿਧਾਂਤਾਂ ਦੀ -ਸਿੱਖ ਦੀ ਗੁਰੂ ਨਾਲ ਪ੍ਰੀਤ, ਸਿਦਕ, ਪ੍ਰੇਮ, ਗੁਰਸਿੱਖ ਆਦਿ ਵਿਸ਼ਿਆਂ ਤੇ ਬਹੁਤ ਖੂਬਸੂਰਤ ਉਦਾਹਰਣਾਂ ਅਤੇ ਅਲੰਕਾਰਾਂ ਨਾਲ ਸਜਾ ਕੇ ਵਿਆਖਿਆ ਕੀਤੀ ਗਈ ਹੈ। ਪੰਜਾਬੀ ਵਿੱਚ ਹੋਣ ਕਰਕੇ ਇਹ ਸਿੱਖਾਂ ਦੇ ਹਿਰਦੇ ਦੇ ਵਧੇਰੇ ਨੇੜੇ ਅਤੇ ਵਧੇਰੇ ਪ੍ਰਸਿੱਧ ਹੋਈਆਂ।

'ਵਾਰਾਂ ਭਾਈ ਗੁਰਦਾਸ' ਦੀ ਪੁਸਤਕ ਵਿੱਚ 41-ਵੀ ਵਾਰ ਵੀ ਹੈ। ਕੁਦਰਤੀ ਇਸਦੇ ਲੇਖਕ ਦਾ ਨਾਂ ਵੀ ਭਾਈ ਗੁਰਦਾਸ ਹੀ ਹੈ। ਇਹਨਾਂ ਨੂੰ ਵੱਖਰਾ ਦਰਸਾਉਣ ਲਈ ਭਾਈ ਗੁਰਦਾਸ ਦੂਜਾ ਕਹਿ ਕੇ ਯਾਦ ਕੀਤਾ ਜਾਂਦਾ ਹੈ ਅਤੇ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਹੋਏ ਹਨ। ਇਹ 41-ਵੀ ਵਾਰ "ਵਾਹ ਵਾਹ ਗੁਰੂ ਗੋਬਿੰਦ ਸਿੰਘ, ਆਪੇ ਗੁਰ ਚੇਲਾ " ਦੀ ਟੇਕ ਨਾਲ ਚੱਲਦੀ ਹੈ।

3.ਕਬਿੱਤ ਤੇ ਸਵਈਏ:-

ਇਹ ਬ੍ਰਜ ਭਾਸ਼ਾ ਵਿੱਚ ਲਿਖੇ ਗਏ ਮਿਲਦੇ ਹਨ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਪਹਿਲਾਂ ਇਹਨਾਂ ਦੀ ਗਿਣਤੀ 556 ਲਿਖੀ ਸੀ।

ਵਧੇਰੇ ਖੋਜ ਕਰਨ ਤੇ 119 ਹੋਰ ਮਿਲੇ ਜਿਹਨਾਂ ਨੂੰ ਭਾਈ ਵੀਰ ਸਿੰਘ ਜੀ ਨੇ ਦੂਜੇ ਸਕੰਧ ਵਜੋਂ ਛਪਵਾਇਆ। ਇਸ ਤਰਾਂ ਇਹਨਾਂ ਦੀ ਕੁੱਲ ਗਿਣਤੀ 675 ਹੋ ਗਈ। ਇਹਨਾਂ ਵਿੱਚ 3 ਸਵਈਏ, 8 ਦੋਹਰੇ, 8 ਸੋਰਠੇ ਅਤੇ 8 ਛੰਤ ਹਨ। ਕਬਿੱਤ ਸਵਈਏ ਭਾਈ ਗੁਰਦਾਸ ਜੀ ਨੇ ਆਪਣੀ ਪੰਜਾਬ ਤੋਂ ਬਾਹਰਲੀ ਯਾਤਰਾ ਸਮੇਂ ਲਿਖੇ ਸਨ।

ਕਬਿੱਤ ਸਵਈਏ ਇੱਕ ਤਾਂ ਇਹਨਾਂ ਦੇ ਬ੍ਰਜ ਭਾਸ਼ਾ ਵਿੱਚ ਹੋਣ ਤੋਂ ਪਤਾ ਲੱਗਦਾ ਹੈ ਅਤੇ ਦੂਸਰਾ ਇਹਨਾਂ ਵਿਚ ਗੁਰੂ ਦੇ ਵਿਛੋੜੇ ਦਾ ਜਿਕਰ ਹੈ। ਬ੍ਰਜ ਭਾਸ਼ਾ ਵਿੱਚ ਹੋਣ ਕਰਕੇ ਹੀ ਇਹ ਸਿੱਖਾਂ ਵਿੱਚ ਵਧੇਰੇ ਪ੍ਰਸਿੱਧ ਨਹੀਂ ਹੋ ਸਕੇ।

ਭਾਈ ਗੁਰਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਉ ਨਹੀ - ਇਹ ਸਵਾਲ ਅਕਸਰ ਹੀ ਬਹੁਤੇ ਮਨਾਂ ਵਿੱਚ ਆਉਂਦਾ ਹੈ ਕਿ ਭਾਈ ਗੁਰਦਾਸ ਜੀ ਦੀ ਲਿਖਤ ਸਿੱਖੀ ਸਿਧਾਂਤਾਂ ਅਨੁਸਾਰ ਹੋਣ ਦੇ ਬਾਵਜੂਦ ਗੁਰੂ ਗ੍ਰੰਥ ਸਾਹਿਬ ਵਿੱਚ ਕਿਉ ਨਹੀ ਹੈ ? ਪਰੰਪਰਕ ਸੋਚ ਵਾਲਿਆਂ ਨੇ ਇੱਕ ਸਾਖੀ ਪੇਸ਼ ਕਰ ਦਿੱਤੀ ਹੈ ਇਸਦੇ ਜਵਾਬ ਵਿੱਚ। ਬਹੁਤ ਹੀ ਸੰਖੇਪ ਵਿਚ ਸਾਖੀ ਅਨੁਸਾਰ ਭਾਈ ਗੁਰਦਾਸ ਜੀਂ ਦੀ ਵਾਰ ਵਿੱਚ ਆਉਂਦਾ ਹੈ "ਜੇ ਗੁਰ ਸਾਂਗ ਵਰਤਦਾ ਸਿਖ ਸਿਦਕ ਨ ਹਾਰੇ।" ਕਹਿੰਦੇ ਗੁਰੂ ਅਰਜਨ ਸਾਹਿਬ ਨੂੰ ਇਸ ਵਿਚੋਂ ਸੂਖਮ ਹਉਮੈ ਨਜਰ ਆਈ ਤੇ ਉਹਨਾਂ ਭਾਈ ਸਾਹਿਬ ਨੂੰ ਪਰਖਣ ਲਈ ਉਹਨਾਂ ਨੂੰ ਕਾਬਲ ਤੋਂ ਘੋੜੇ ਲਿਆਉਣ ਲਈ ਭੇਜ ਦਿੱਤਾ। ਘੋੜੇ ਪਸੰਦ ਕਰਨ ਉਪਰੰਤ ਜਦੋ ਤੰਬੂ ਵਿਚੋਂ ਮਾਇਆ ਕੱਢਣ ਪੁੱਜੇ, ਤਾਂ ਮੋਹਰਾਂ ਦੀ ਜਗ੍ਹਾ ਠੀਕਰੀਆਂ ਨਿਕਲੀਆਂ।

ਸਾਖੀ ਅਨੁਸਾਰ ਭਾਈ ਗੁਰਦਾਸ ਜੀ ਜ਼ਲੀਲ ਹੋਣ ਤੋਂ ਬਚਣ ਲਈ ਤੰਬੂ ਪਾੜ ਕੇ ਪਿੱਛੋਂ ਦੀ ਭੱਜ ਨਿਕਲੇ। ਪਿੱਛੋਂ ਬਾਕੀ ਸਿੱਖਾਂ ਨੇ ਆ ਕੇ ਉਸੇ ਥੈਲੇ ਵਿਚੋਂ ਮੋਹਰਾਂ ਲੈ ਕੇ ਭੁਗਤਾਨ ਕਰ ਦਿੱਤਾ। ਭਾਈ ਸਾਹਿਬ ਉਥੋਂ ਆਗਰੇ ਪੁੱਜ ਕੇ ਕਥਾ ਕਰਨ ਲੱਗੇ। ਉੱਧਰ ਗੁਰੂ ਸਾਹਿਬ ਨੂੰ ਸਾਰੀ ਗੱਲ ਪਤਾ ਲੱਗੀ ਤਾਂ ਉਹਨਾਂ ਇੱਕ ਸਿੱਖ ਆਗਰੇ ਭੇਜਿਆ ਤੇ ਸੁਨੇਹਾ ਦਿੱਤਾ ਕਿ ਇਸ ਦਰਬਾਰ ਵਿਚ ਸਾਡਾ ਇੱਕ ਚੋਰ ਹੈ।

ਭਾਈ ਗੁਰਦਾਸ ਜੀ ਉਦੋਂ ਕਥਾ ਕਰ ਰਹੇ ਸਨ, ਉਹਨਾਂ ਤੁਰੰਤ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਆਪਣੇ ਆਪ ਨੂੰ ਮੁਸ਼ਕਾਂ ਬੰਨਵਾ ਕੇ ਗੁਰੂ ਅਰਜਨ ਸਾਹਿਬ ਕੋਲੋਂ ਆ ਮੁਆਫੀ ਮੰਗੀ। ਗੁਰੂ ਸਾਹਿਬ ਨੇ ਕਿਹਾ ਕਿ ਤੁਸੀਂ ਤਾਂ ਲਿਖਿਆ ਸੀ ਸਿਖ ਸਿਦਕ ਨ ਹਾਰੇ। ਸਾਖੀਕਾਰ ਅਨੁਸਾਰ ਫੇਰ ਭਾਈ ਗੁਰਦਾਸ ਜੀ ਨੇ ਵਾਰ ਵਿਚ ਇੱਕ ਪਉੜੀ ਹੋਰ ਸ਼ਾਮਲ ਕੀਤੀ ਜਿਸ ਦੇ ਅੰਤ ਤੇ ਲਿਖਿਆ- ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿਖ ਵਿਚਾਰਾ। ਪਰੰਪਰਾਗਤ ਸੋਚ ਇਹ ਕਹਿੰਦੀ ਹੈ ਕਿ ਕਿਉਂਕਿ ਭਾਈ ਸਾਹਿਬ ਸਿਦਕ ਤੋਂ ਡੋਲ ਗਏ ਸਨ, ਇਸ ਲਈ ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਨਹੀਂ।

ਅਸਲੀਅਤ ਕੀ ਹੈ। ਸਿੱਖ ਇਤਿਹਾਸ ਵਿੱਚ ਵੀ ਜਾਣੇ ਅਣਜਾਣੇ ਕੁਝ ਮਿਥਿਹਾਸ ਰਲ ਗਿਆ ਹੈ। ਉਪਰੋਕਤ ਸਾਖੀ ਵੀ ਸਚਾਈ ਤੋਂ ਕੋਹਾਂ ਦੂਰ ਹੈ। ਭਾਈ ਗੁਰਦਾਸ ਜੀ ਉੱਤੇ ਇਸਤਰਾਂ ਦਾ ਇਲਜ਼ਾਮ ਲਗਾਇਆ ਜਾਣਾ, ਸਾਡੇ ਵਿਰੋਧੀਆਂ ਦੀ ਸਾਜਿਸ਼ ਵੀ ਹੋ ਸਕਦੀ ਹੈ। ਬਹੁਤੀ ਟਿੱਪਣੀ ਨਾ ਕਰਦੇ ਹੋਏ ਇੰਨਾ ਹੀ ਕਹਾਂਗੇ ਕਿ ਆਪ ਹੀ ਪ੍ਰਸ਼ਨ ਕਰਕੇ ਉਸਦਾ ਉੱਤਰ ਲਿਖਣਾ ਗੁਰਮਤਿ ਦੀ ਸ਼ੈਲੀ ਰਹੀ ਹੈ। ਇਹ ਗੁਰਬਾਣੀ ਵਿੱਚ ਵੀ ਦੇਖੀ ਜਾ ਸਕਦੀ ਹੈ ਅਤੇ ਉਕਤ ਵਾਰ ਵਿੱਚ ਵੀ ਭਾਈ ਸਾਹਿਬ ਨੇ ਆਪ ਹੀ ਪ੍ਰਸ਼ਨ ਪਾ ਕੇ ਅਗਲੀ ਪਉੜੀ ਵਿੱਚ ਉਸਦਾ ਜਵਾਬ ਦਿੱਤਾ ਹੈ। ਸਾਖੀ ਨਿਰੋਲ ਮਨਘੜਤ ਲਗਦੀ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਨਾ ਹੋਣ ਦਾ ਅਸਲੀ ਕਾਰਨ ਇਹ ਹੈ ਕਿ ਭਾਈ ਸਾਹਿਬ ਦੀ ਸਾਰੀ ਲਿਖਤ, ਆਦਿ ਗ੍ਰੰਥ ਦੇ ਸੰਪੂਰਨ ਹੋਣ ਤੋਂ ਬਾਅਦ ਲਿਖੀ ਗਈ ਸੀ।

ਸਨ 1604 ਈਸਵੀ ਵਿਚ ਆਦਿ ਗ੍ਰੰਥ ਸੰਪੂਰਨ ਹੋਇਆ ਸੀ, ਖੋਜੀ ਵਿਦਵਾਨਾਂ ਅਨੁਸਾਰ ਭਾਈ ਸਾਹਿਬ ਦੀਆਂ ਬਹੁਤੀਆਂ ਵਾਰਾਂ 1628 ਈਸਵੀ ਦੇ ਇਰਦ ਗਿਰਦ ਲਿਖੀਆਂ ਗਈਆਂ ਹਨ। ਇਸੇ ਲਈ ਤਾਂ ਉਹਨਾਂ ਵਿੱਚ ਗੁਰੂ ਹਰਿਗੋਬਿੰਦ ਜੀ ਬਾਰੇ ਵੀ ਜ਼ਿਕਰ ਹੈ। ਕੁਝ ਲਿਖਤਾਂ ਆਦਿ ਗ੍ਰੰਥ ਤੋਂ ਪਹਿਲਾਂ ਦੀਆਂ ਹੋ ਸਕਦੀਆਂ ਹਨ ਪਰ ਉਹ ਅਜੇ ਇੰਨੀਆਂ ਪ੍ਰਸਿੱਧ ਨਹੀਂ ਸਨ । ਭਾਈ ਗੁਰਦਾਸ ਜੀ ਆਪ ਸੇਵਕ ਭਾਵ ਵਿੱਚ ਇੰਨੇ ਜਿਆਦਾ ਨਿਮਰਤਾ ਵਿੱਚ ਸਨ ਕਿ ਉਹ ਆਪਣੀ ਲਿਖਤ ਨੂੰ ਗੁਰਬਾਣੀ ਦੇ ਬਰਾਬਰ ਰੱਖੇ ਜਾਣ ਬਾਰੇ ਸੋਚ ਵੀ ਨਹੀਂ ਸਨ ਸਕਦੇ ।

ਪੰਜਾਬੀ ਸਾਹਿਤ ਵਿੱਚ ਇਹ ਪ੍ਰਸਿੱਧ ਹੈ ਕਿ ਜਿਸਨੇ ਭਾਈ ਗੁਰਦਾਸ ਅਤੇ ਵਾਰਸ ਸ਼ਾਹ ਨੂੰ ਨਹੀਂ ਪੜ੍ਹਿਆ, ਉਹ ਕਦੇ ਵੀ ਵਧੀਆ ਲੇਖਕ ਨਹੀਂ ਬਣ ਸਕਦਾ। ਕਾਰਨ ਇਹ ਹੈ ਕਿ ਭਾਈ ਗੁਰਦਾਸ ਜੀ ਨੇ ਬਹੁਤ ਘੱਟ ਸ਼ਬਦਾਂ ਵਿਚ ਬਹੁਤ ਵੱਡੇ ਵਿਚਾਰ ਦਿੱਤੇ ਹਨ ਜਦਕਿ ਵਾਰਸ ਸ਼ਾਹ ਨੇ ਬਹੁਤ ਛੋਟੀ ਗੱਲ ਦੀ ਵੀ ਬਹੁਤ ਜਿਆਦਾ ਵਿਆਖਿਆ ਕੀਤੀ ਹੈ। ਵਧੀਆ ਸ਼ਬਦ ਚੋਣ ਲਈ ਦੋਹਾਂ ਨੂੰ ਪੜ੍ਹਿਆ ਜਾਣਾ ਜਰੂਰੀ ਹੈ। ਗੁਰਬਾਣੀ ਸਿਧਾਂਤਾਂ ਨਾਲ ਜੁੜਨ ਅਤੇ ਗੁਰਬਾਣੀ ਨੂੰ ਚੰਗੀ ਤਰਾਂ ਸਮਝਣ ਲਈ ਆਓ ਆਪਾਂ ਸਾਰੇ ਭਾਈ ਗੁਰਦਾਸ ਜੀ ਦੀ ਲਿਖਤ ਨਾਲ ਜੁੜੀਏ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿੱਚ ਗੁਰਦੁਆਰੇ ਵਿੱਚ ਗੁਰਬਾਣੀ ਤੋਂ ਬਿਨਾਂ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀਂ ਦੀ ਲਿਖਤ ਨੂੰ ਗਾਏ ਜਾਣ ਦੀ ਇਜਾਜ਼ਤ ਹੈ।

ਨੋਟ : ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਬਾਰੇ ਲੜੀਵਾਰ ਅਗਲੇ ਅੰਕਾਂ ਵਿਚ ਵਰਣਨ ਕੀਤਾ ਹੈ।

## Dr Harnam Singh Hans – A Tribute

Dr. H S Hans was a pioneering physicist whose legacy continues to shape Nuclear Science in India. He was born on November 21, 1922, in Multan, Panjab (Un-divided India). After graduation from Panjab University in 1945, he passed M.Sc. in Physics from Banaras Hindu University, in 1948 and earned his Ph.D. in *Cosmic-ray Physics* at Aligarh Muslim University, in 1950. Dr Hans was Head of the Department of Physics at Panjab University, Chandigarh (during 1967–1979).

**Mesons** are sub-atomic particles, roughly 60% the size of a proton (the positive particle in an atom), which are unstable and participate in most known forces of nature. *Cosmic mesons* are produced naturally in high-energy cosmic rays coming from outer space. When cosmic rays (mostly high-energy protons) collide with atoms in Earth's atmosphere, they generate showers of particles - including mesons. Particle accelerators can also be used to generate mesons. The particles thus accelerated are then smashed into a targets of atomic nuclei. In the resulting collisions, their kinetic energy is converted into mass, producing a variety of subatomic particles - including mesons.

***Accelerators*** are the machines that propel charged particles to incredibly high speeds using electric and magnetic fields. They are then used to study fundamental forces and particles. Accelerators may be *Linear* (LINAC) or *Cyclic* (CYCLOTRON) and particles are enabled to gain huge amounts of energy. They produce radionuclides, scans and for cancer therapy, studying nuclear reactions and for Material testing. Dr Hans also developed Instrumentation for India's first university-based Cyclotron (Cyclic) accelerator at Panjab University, Chandigarh. He died on March 19, 2014.

**Research work of Dr H S Hans :** Dr Hans developed instruments for measuring cosmic mesons during his Ph.D. He conducted neutron scattering experiments in the U.S. (Swarthmore College), during 1953–56. Neutrons are uncharged particles in atoms, used for nuclear reaction studies There he cstudied the elastic and inelastic scattering of high - energy neutrons produced using an Accelerator. He was so passionate about the Accelerator-based Nuclear Physics research that he brought components of the Cockroft-Walton type Accelerator and established it at AMU, Aligarh.

Dr Hans also developed Instrumentation for establishing India's first university-based Cyclotron accelerator at Panjab University, Chandigarh. In the United States, in 1936, a cyclotron was made operational at the University of Rochester, three years after the very first cyclotron was built by Ernest Lawrence at Berkeley. In 1967, the entire set-up in Rochester was later sent to India. This cyclotron became operational at the Department of Physics, Panjab University, Chandigarh. This facility became a hub for Nuclear Spectroscopy and reaction studies. He died on March 19, 2014.

**Publications and Awards : :** Dr Hans authored numerous papers on nuclear reactions and spectroscopy. Panjab University celebrated his birth centenary in 2024, honoring his contributions to nuclear science. His story is a testament to how one visionary scientist can ignite scientific research across a nation. In 2011, Indian Nuclear Society honored him for his Outstanding Services. In 2004, Punjab Academy of Sciences made him its Fellow. A summary of his work is available on : Nuclear Instruments and Methods in Physics Research B 349 (2015) 125–129, on his 90th Birth Anniversary.





(By Professor Dr S S Bhatti, Calgary, Canada)

# ਕੀ ਕਰਮਾਤਾਂ ਗਰਮਤਿ ਅਨੁਸਰ ਹਨ ?

ਸਰਦਾਰਨੀ ਨਰਿੰਦਰ ਕੌਰ, ਕੈਲਗਰੀ (ਕੈਨੇਡਾ)

ਸਿੱਖ ਧਰਮ ਵਿਚ ਕਰਾਮਾਤਾਂ ਵਖਾਉਣਾਂ ਮਨਾ ਹੈ। ਗੁਰੂ ਨਾਨਕ ਸਾਹਿਬ ਨੇ ਤਰਕ ਨਾਲ ਸਮਾਜ ਨੂੰ ਕੁਰੀਤੀਆਂ, ਵਹਿਮਾ-ਭਰਮਾਂ, ਅੰਧ-ਵਿਸ਼ਵਾਸਾਂ ਅਤੇ ਅਗਿਆਨਤਾ ਦੇ ਹਨੇਰੇ ਵਿਚੋਂ ਕੱਢਣ ਲਈ ਸੰਸਾਰ ਭਰ ਵਿਚ ਲੋਕਾਂ ਨੂੰ ਸਮਝਾਇਆ। ਇਹ ਭੁਲੇਖਾ ਦੂਰ ਕੀਤਾ ਕਿ ਧਰਤੀ ਕਿਸੇ ਬਲਦ ਦੇ ਸਿੰਗਾਂ ਉਤੇ ਟਿਕੀ ਹੋਈ ਹੈ। ਕਰਤਾਰਪੁਰ ਵਲ ਪਾਣੀ ਸੁੱਟ ਕੇ ਇਹ ਸਪਸ਼ਟ ਕੀਤਾ ਕਿ ਸੂਰਜ ਵਲ ਪਾਣੀ ਉਛਾਲਣ ਨਾਲ ਉਸ ਨੂੰ ਪਾਣੀ ਨਹੀਂ ਪਹੁੰਚਦਾ। ਮੱਕੇ ਜਾ ਕੇ ਇਹ ਕਿਹਾ ਕਿ ਪ੍ਰਮਾਤਮਾ ਕਿਸੇ ਖਾਸ ਦਿਸ਼ਾ ਵਿਚ ਨਹੀਂ, ਉਹ ਸਰਬ-ਵਿਆਪੀ ਹੈ। ਕੁਛ ਚਲਾਕ ਲੋਕ ਆਪਣੀ ਵਡਿਆਈ ਤੇ ਕਮਾਈ ਲਈ ਅਜੀਬ ਕਿਸਮ ਦੇ ਕਰਤਬ ਕਰਦੇ ਹਨ ਅਤੇ ਭੋਲੇ-ਭਾਲੇ ਲੋਕਾਂ ਨੂੰ ਮੂਰਖ ਬਣਾਉਂਦੇ ਹਨ।

ਕਰਾਮਾਤਾਂ ਕੁਛ ਜੋਗੀਆਂ ਅਤੇ ਸਿੱਧਾਂ ਦੀਆਂ ਕਾਰਵਾਈਆਂ ਹਨ ਜਿਨ੍ਹਾਂ ਦਾ ਕਈ ਗ੍ਰੰਥਾਂ ਵਿਚ ਵੀ ਜ਼ਿਕਰ ਹੈ। ਭਾਈ ਗੁਰਦਾਸ ਜੀ ਨੇ ਸਿੱਧ ਗੋਸਟਿ ਬਾਰੇ ਵਾਰਾਂ ਵਿਚ ਲਿਖਿਆ ਹੈ:

ਰੂਪ ਵਟਾਇਆ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ॥
ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੇ ਲੀਲਾਈ॥
ਇਕ ਨਾਗ ਹੋਇ ਪਵਨ ਛੋਡ ਇਕਨਾ ਵਰਖਾ ਅਗਨ ਵਸਾਈ॥
ਤਾਰੇ ਤੋੜੇ ਭੰਗ੍ਰਨਾਥ ਇਕ ਚੜ ਮਿਰਗਾਨੀ ਜਲ ਤਰ ਜਾਈ॥

ਗੁਰੂ ਨਾਨਕ ਸਾਹਿਬ ਉਨ੍ਹਾ ਤੋਂ ਪ੍ਰਭਾਵਤ ਨਾ ਹੋਏ। ਸਿੱਧਾਂ ਨੇ ਉਨ੍ਹਾਂ ਨੂੰ ਕਰਾਮਾਤ ਕਰਣ ਲਈ ਕਿਹਾ। ਤਾਂ ਗੁਰੂ ਸਾਹਿਬ ਨੇ ਸਿੱਧਾਂ ਨੂੰ ਉਤੱਰ ਦਿਤਾ ਕਿ

"ਬਾਜਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ"॥

ਗੁਰਬਾਣੀ ਵਿਚ ਭਗਤ ਕਬੀਰ ਜੀ ਨੂੰ ਜੰਜੀਰਾਂ ਨਾਲ ਬੰਨ ਕੇ ਗੰਗਾ ਵਿਚ ਸੁਟਣ ਮਗਰੋਂ ਜੰਜੀਰ ਦੇ ਟੁੱਟ ਜਾਣ ਦਾ ਵਰਣਨ ਉਨ੍ਹਾਂ ਨੇ ਆਪਣੇ ਇੱਕ ਸ਼ਬਦ ਵਿਚ ਕੀਤਾ ਹੈ:

"ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥
ਮ੍ਰਿਗਸ਼ਾਲਾ ਪਰ ਬੈਠੇ ਕਬੀਰ"॥

ਸਮੇ ਦੇ ਬਾਸਸ਼ਾਹ ਨੇ ਕਬੀਰ ਜੀ ਨੂੰ ਗਠੜੀ ਵਿਚ ਬੰਨ ਕੇ ਹਾਥੀ ਅੱਗੇ ਸੁਟਵਾ ਦਿੱਤਾ ਤਾਂ ਹਾਥੀ ਵੀ ਉਸ ਗਠੜੀ ਨੂੰ ਨਮਸਕਾਰ ਕਰਨ ਲਗ ਪਿਆ। ਭਗਤ ਨਾਮਦੇਵ ਜੀ ਨੂੰ ਮੋਈ ਗਾਂ ਜਿਵਾਉਣ ਲਈ ਕਿਹਾ ਗਿਆ। ਨਾਮਦੇਵ ਜੀ ਦੇਂ ਮਨਾ ਕਰਨ ਤੇ ਉਨ੍ਹਾਂ ਨੂੰ ਹਾਥੀ ਦੇ ਅੱਗੇ ਸੁੱਟ ਦਿਤਾ ਗਿਆ। ਪਰ ਵਾਹਿਗੁਰੂ ਨੇ ਗਾਂ ਜ਼ਿੰਦਾ ਕਰ ਦਿੱਤੀ। ਭਗਤ ਜੀ ਨੇ ਗਾਂ ਦਾ ਦੁੱਧ ਚੁਆ ਕੇ ਸਾਮ੍ਹਣੇ ਰੱਖ ਦਿੱਤਾ। ਪੁਜਾਰੀਆਂ ਦੇ ਉਨ੍ਹਾ ਨੂੰ ਨੀਵੀਂ ਜਾਤ ਦਾ ਆਖ ਕੇ ਮੰਦਰ ਵਿਚੋਂ ਕੱਢਣ ਤੇ ਮੰਦਰ ਦੇ ਫਿਰ ਜਾਣ ਦਾ ਵਰਣਨ ਵੀ ਗੁਰਬਾਣੀ ਵਿਚ ਆਉਂਦਾ ਹੈ। ਜਦੋਂ ਵਾਹਿਗੁਰੂ ਦੀ ਮਿਹਰ ਹੁੰਦੀ ਹੈ, ਤਾਂ ਮਨੁਖ ਵਿਚ ਅਸਧਾਰਣ ਬਲ ਪੈਦਾ ਹੁੰਦਾ ਹੈ ਕਿਉਂਕਿ ਉਸ ਅੰਦਰ ਵਾਹਿਗੁਰੂ ਤੋਂ ਬਿਨਾ ਕੋਈ ਦੂਜਾ ਨਹੀਂ ਰਹਿੰਦਾ।

ਗੁਰੂ ਰਾਮਦਾਸ ਜੀ ਦੀ ਸੇਵਾ-ਸਾਧਨਾ ਤੋਂ ਪ੍ਰਾਪਤ ਹੋਈ ਗੁਰਗੱਦੀ ਨੂੰ ਗੁਰਬਾਣੀ ਵਿਚ 'ਕਰਾਮਾਤ' ਦਸਿਆ ਗਿਆ ਹੈ।

"ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ"॥

ਗੁਰੂ ਰਾਮਦਾਸ ਜੀ ਧੰਨ ਹਨ, ਧੰਨ ਹਨ! ਜਿਸ ਅਕਾਲ ਪੁਰਖ ਨੇ ਉਨ੍ਹਾਂ ਨੂੰ ਪੈਦਾ ਕੀਤਾ ਉਸੇ ਨੇ ਉਨ੍ਹਾਂ ਨੂੰ ਸੋਹਣਾ ਭੀ ਬਣਾਇਆ। ਇਹ ਇਕ ਮੁਕੰਮਲ ਕਰਾਮਾਤਿ ਹੋਈ ਹੈ ਕਿ ਸਿਰਜਣਹਾਰ ਨੇ ਆਪਣੇ ਆਪ ਨੂੰ ਉਨ੍ਹਾਂ ਵਿਚ ਟਿਕਾ ਲਿਆ ਹੈ। ਸਿੱਖ ਸੰਗਤਾਂ ਨੇ ਉਨ੍ਹਾਂ ਨੂੰ ਅਕਾਲ ਪੁਰਖ ਦਾ ਰੂਪ ਜਾਣ ਕੇ ਬੰਦਨਾ ਕੀਤੀ ਹੈ। ਪ੍ਰਮਾਤਮਾ ਨੂੰ ਹਰ ਵੇਲੇ ਯਾਦ ਰੱਖਣ ਵਾਲੇ ਵਿਅਕਤੀ ਉਸੇ ਵਿਚ ਅਭੇਦ ਹੋ ਜਾਂਦੇ ਹਨ। ਉਨ੍ਹਾਂ ਦੇ ਜੀਵਨ ਵਿਚ ਵਾਹਿਗੁਰੂ ਦੀ ਸ਼ਕਤੀ ਨੂੰ ਪ੍ਰਦਰਸ਼ਿਤ ਕਰਨ ਵਾਲੀਆਂ ਕਈ ਘਟਨਾਵਾਂ ਸਹਿਜ ਸੁਭਾਅ ਹੀ ਵਾਪਰ ਜਾਂਦੀਆਂ ਹਨ। ਅਜਿਹੀਆਂ ਘਟਨਾਵਾਂ ਮਨੁੱਖੀ ਸਮਝ ਵਿਚ ਨਹੀਂ ਆਉਂਦੀਆਂ।

"ਨਾਨਕ ਸਾ ਕਰਮਾਤਿ ਸਾਹਿਬ ਤੁਟੈ ਜੋ ਮਿਲੈ"। ਅਤੇ:

"ਹਰਿ ਕੀ ਗਤਿ ਨਹਿ ਕੋਊ ਜਾਨੈ॥ ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ"॥

**ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥**
**ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥**
**ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥**

ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਪੁੱਤਰ ਦੀ ਦਾਤ ਮੰਗਣ ਤੇ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਕੋਲ ਵਰਦਾਨ ਲੈਣ ਲਈ ਭੇਜਿਆ। ਅਸਲ ਵਿਚ ਬਾਬਾ ਬੁੱਢਾ ਜੀ ਨੇ ਕੋਈ 'ਕਰਾਮਾਤ' ਨਹੀਂ ਵਰਤਾਈ, ਉਨ੍ਹਾਂ ਮਾਤਾ ਜੀ ਨੂੰ ਵਾਹਿਗੁਰੂ ਅੱਗੇ ਅਰਦਾਸ ਕਰਨ ਲਈ ਹੀ ਪ੍ਰੇਰਣਾ ਦਿੱਤੀ।

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥
**ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥**

ਅਰਦਾਸ ਜੇ ਸ਼ੁੱਧ ਮਨ ਅਤੇ ਦ੍ਰਿੜ ਵਿਸ਼ਵਾਸ ਨਾਲ ਕਿਸੇ ਚੰਗੇ ਕੰਮ ਲਈ ਕੀਤੀ ਜਾਵੇ ਤਾਂ ਸੁਣੀ ਜਾਂਦੀ ਹੈ। ਇਹ ਸਿਰਫ ਲੋੜ ਵੇਲੇ ਆਪਣੇ ਸਵਾਰਥ ਜਾਂ ਕਿਸੇ ਦਾ ਬੁਰਾ ਚਿਤਾਰ ਕੇ ਨਹੀ ਕਰਨੀ ਚਾਹੀਦੀ। ਇਹ ਕੋਈ ਵਕਤੀ ਸੌਦੇਬਾਜ਼ੀ ਨਹੀਂ, ਬਲਕਿ ਹਰ ਵੇਲੇ ਵਾਹਿਗੁਰੂ ਨੂੰ ਯਾਦ ਰੱਖਣ ਤੋਂ ਮਿਲਦੀ ਮਿਹਰ ਹੈ।

ਜਿਹੜੇ ਪਖੰਡੀ 'ਸਾਧ' ਲੋਕਾਂ ਨੂੰ ਕਰਾਮਾਤਾਂ ਕਰ ਸਕਣ ਦਾ ਧੋਖਾ ਦੇ ਕੇ ਲੁੱਟਦੇ ਹਨ ਉਹ ਮਨੁੱਖੀ ਕਮਜ਼ੋਰੀਆਂ ਦਾ ਲਾਭ ਲੈ ਕੇ ਆਪਣੀਆਂ ਦੁਕਾਨਦਾਰੀਆਂ ਹੀ ਚਲਾ ਰਹੇ ਹਨ। ਗੁਰਮਤਿ ਅਨੁਸਾਰ ਸਿੱਖਾਂ ਨੂੰ ਕਰਾਮਾਤਾਂ ਦੇ ਦਾਵ੍ਹੇ ਕਰਨ ਵਾਲੇ ਲੋਕਾਂ ਦੇ ਪਿੱਛੇ ਨਹੀਂ ਲਗਣਾ ਚਾਹੀਦਾ।

IAF  observes its "Air Force Day" on 8 October every year (Established in !932




**Health - sehat**
May 10 at 12:09 AM ·

Sikhs have contributed tremendously under the leadership of Indian Air Force, out of which 4 Sikhs are at the highest position till now. Indian Air Force's Marshal Arjan Singh was the first and only officer to achieve a five-star rank, who served as chief from 1964 to 1969 and played a key role in the 1965 India-Pakistan war. Air Chief Marshal Dilbagh Singh modernized the IAF fighter fleet during his tenure from 1981 to 1984. Air Chief Marshal Birendra Singh Dhanoa, who was the chief from 2017 to 2019 led the army during the 2019 Balakot air strike. Air Chief appointed in 2024 Amar Preet Singh is moving forward the glorious history of Sikhs Air Force. May God always keep them in the climbing art.
#IndianAirForce

**Dr D P Singh's** Talk on "**AI for Sikhism -** ***Opportunities and Risks."***
Release of "**Echoes of a Digital Dawn -** *AI's Triumphs and Trials*" at
Sri Guru Granth Sahib (SGGS) World University, Fatehgarh Sahib
(Punjab) on 12 September 2025



Dr. Singh discussed AI's transformative opportunities and ethical challenges for Sikhs, preservation and accessibility of Sikh scriptures, educational tools for youth, global interfaith dialogue and risks of misinformation and disinformation.

Dr. Pritpal Singh, VC, appreciated Dr. D P Singh's contributions to promotion of Sikhism and emphasized the importance of exploring AI in the context of moral values enshrined in SGGS. Dean Academic Affairs Prof S. S. Bling, Registrar Prof Tegbir Singh and a large number of faculty members and students were present. Dr. Preet Kaur highlighted Dr. Singh's extensive contributions to Sikh studies and his pioneering work in exploring the intersections of science and religion.

(Dr D P Singh is Director of The Centre for Understanding Sikhism and a prolific writer of books and articles on Sikh Philosophy, Environment, Scientific Advances and their impact on contemporary human life).

# ਅਦਬ ਦਾ ਮੈਂ ਘਰ ਬਣਾਵਾਂ


## ਸਰਦਾਰਨੀ ਕਿਰਨਪ੍ਰੀਤ ਕੌਰ, ਮੋਗਾ (ਪੰਜਾਬ)

<kiranpreetkaursandhu244@gmail.com>


ਅਦਬ ਦਾ ਮੈਂ ਘਰ ਬਣਾਵਾਂ,
ਸਤਿਕਾਰ ਦੀਆਂ ਜਿੱਥੇ ਕੰਧਾਂ ਹੋਣ,
ਠੰਡੀ ਮਿੱਠੀ ਛਾਂ ਵੀ ਹੋਵੇ,
ਚਿੜੀਆਂ ਦੇ ਕੁਝ ਗੀਤ ਵੀ ਹੋਣ।

ਹਉਮੈਂ ਦੀ ਇਕ ਛੱਤਰੀ ਹੋਵੇ,
ਜਿਸਦੇ ਹੇਠਾਂ ਕੋਈ ਨਾ ਹੋਵੇ,
ਮਨ ਮੁਟਾਵ ਤਾਂ ਹੋ ਜਾਵਣ,
ਪਰ ਨਫ਼ਰਤ ਦਾ ਕੋਈ ਬੀਜ ਨਾ ਬੋਏ।

ਪਿਆਰ, ਜਸ ਤੇ ਸਾਂਝ ਦੇ ਬੂਹੇ,
ਸਦਾ ਹੀ ਖੁੱਲ੍ਹੇ ਰਹਿਜਾਵਣ,
ਸੱਚ ਝੂਠ ਵੀ ਅੰਦਰ ਆ ਕੇ,
ਤੱਕੜੀ ਦੇ ਵਿਚ ਬਹਿਜਾਵਣ।

ਨਿਮਰ ਸੁਭਾਅ ਤੇ ਹੱਸਦੇ ਰਹੀਏ,
ਫਿੱਕਾ ਨਾ ਕਦੇ ਕਿਸੇ ਨੂੰ ਕਹੀਏ,
ਮੀਂਹ ਵਿੱਚ ਡਿੱਗਦੇ ਪਾਣੀ ਵਾਂਗੂ,
ਹੇਠਾਂ ਹੀ ਆ ਜਾ ਕੇ ਬਹੀਏ।



ਕਾਸ਼ ਕਿਰਨ ਇਕ ਹੋਏ ਅਜਿਹਾ,
ਰੱਬ ਵਰਗਾ ਸੰਸਾਰ ਕਿਤੇ,
ਡਿਗਦੇ, ਢਹਿੰਦੇ ਜਾਈਏ ਤਾਂ,
ਚਾਨਣ ਵੀ ਕਰੇ ਨਮਸਕਾਰ ਕਿਤੇ।

**(Note : Kiranpreet Kaur is a B Tech student)**

*ਜੰਗ...* ਕਿਸੇ ਮਸਲੇ ਦਾ ਹੱਲ ਨਹੀਂ

ਸਰਦਾਰਨੀ ਗੁਰਦੀਸ਼ ਕੌਰ 'ਦੀਸ਼', ਕੈਲਗਰੀ (ਕੈਨੇਡਾ)
ਵਟਸ ਐਪ : +91 98728 60488



ਜੰਗ ਕਿਸੇ ਮਸਲੇ ਦਾ ਹੱਲ ਨਾ ਪਿਆਰਿਓ।
ਭੁੱਲ ਕੇ ਵੀ ਜਾਇਓ ਜੰਗ ਵੱਲ ਨਾ
ਪਿਆਰਿਓ।

ਜੰਗ ਵਾਲੀ ਭੱਠੀ ਵਿੱਚ ਤਪੇ ਕੋਈ ਦੇਸ਼ ਨਾ,
ਏਸ ਦਾ ਸੰਤਾਪ ਭੋਗੇ ਕੋਈ ਵੀ ਹਮੇਸ਼ ਨਾ।
ਘਿਰਣਾ ਨੂੰ ਬੀਜਿਓ ਦੁਵੱਲ ਨਾ ਪਿਆਰਿਓ
ਜੰਗ...

ਹੁੰਦੇ ਨੇ ਸ਼ਹੀਦ ਦੋਹੀਂ ਪਾਸੀਂ ਪੁੱਤ ਮਾਵਾਂ ਦੇ,
ਮਾਸੂਮਾਂ ਦੇ ਬਾਪ, ਵੀਰ ਭੈਣਾਂ ਤੇ ਭਰਾਵਾਂ ਦੇ।
ਜ਼ਿੰਦਗੀ 'ਚੋਂ ਮਿਟਣੇ ਇਹ ਸੱਲ ਨਾ
ਪਿਆਰਿਓ
ਜੰਗ...

ਏਸ ਦੀ ਤਬਾਹੀ ਨੇ, ਉਜਾੜੇ ਪਾਏ ਲੋਕਾਂ ਦੇ,
ਕਰਨੇ ਬਿਆਨ ਕੀ ਨੇ, ਆਪਾਂ ਹੱਥ-ਠੋਕਾਂ ਦੇ।
ਭੁੱਲੀ ਅਜੇ ਕੱਲ੍ਹ ਦੀ ਇਹ ਗੱਲ ਨਾ
ਪਿਆਰਿਓ
ਜੰਗ...

ਮਸਾਂ ਮਸਾਂ ਗੱਲ ਹੁੰਦੀ , ਸਾਂਝ ਤੇ ਪਿਆਰ ਦੀ,
ਪੁਸ਼ਤਾਂ ਦੀ ਗੰਢ ਅਤੇ ਕੌਲ ਇਕਰਾਰ ਦੀ।
ਨਫਰਤਾਂ ਦੀ ਕਰੋ ਮੁੜ ਗੱਲ ਨਾ ਪਿਆਰਿਓ
ਜੰਗ...

ਆਓ 'ਦੀਸ਼' ਸਿੰਜ ਲਈਏ, ਅਮਨਾਂ ਦੇ ਰੁੱਖ
ਨੂੰ,
ਰੋਕ ਲਈਏ ਧਰਤੀ ਦੀ ਬਾਂਝ ਹੋਣੋ ਕੁੱਖ ਨੂੰ।
ਚੜ੍ਹੇ ਇਹ ਲੜਾਈ ਵਾਲਾ ਝੱਲ ਨਾ ਪਿਆਰਿਓ
ਜੰਗ...

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ** ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ 'ਵਿਸ਼ਵ ਪੰਜਾਬੀ ਕਵੀ ਸਭਾ' ਦੇ ਸਕੱਤਰ ਅਤੇ 'ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ' ਦੇ ਜਨਰਲ ਸਕੱਤਰ ਹਨ। ਕਈ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਤੋਂ ਦੋ ਵਾਰੀ, ਭਾਰਤ ਅਤੇ ਸਾਹਿਤ ਸਭਾਵਾਂ ਤੋਂ ਕਈ ਵਾਰ ਸਨਮਾਨ ਮਿਲੇ ਹਨ। 'ਭਾਈ ਵੀਰ ਸਿੰਘ' ਅਵਾਰਡ ਵੀ ਮਿਲਿਆ।

**ਸਰਦਾਰ ਜਸਵਿੰਦਰ ਸਿੰਘ ਰੂਪਾਲ** ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਦੀਆਂ 30 ਸਾਂਝੀਆਂ ਪੁਸਤਕਾਂ ਅਤੇ ਆਪਣੀਆਂ ਦੋ ਪੁਸਤਕਾਂ ਛਾਪੀਆਂ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। (rupaljs@gmail.com).

**ਡਾ. ਸਰਦਾਰ ਕਾਬਲ ਸਿੰਘ** ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰ ਕੇ ਸਮਕਾਲੀ ਮਸਲਿਆਂ ਬਾਰੇ ਲਿਖਦੇ ਹਨ।

**Dr. Jasbir Singh Sarna**, historian and poet, studied at Khalsa College, Amritsar, founded and edited the magazine *Shamshir-Dast*.. He got *Bhai Kahn Singh Nabha Award, J & K Academy Award, Secular India Harmony Award, Mohan Singh Award, Bhai Nand Lal Goa Award, S. Jassa Singh Ahluwalia, Baba Bulleh Shah and Maharaja Hari Singh Awards.* He published 67 poetry. folklore, environment, history, and religious books. He retired from J&K.

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ ਐਮ.ਏ. ਕਰ ਕੇ ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਅਤੇ ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ। ਇੱਕ ਮੈਗਜ਼ੀਨ "ਜੋਤ ਤੇ ਜੁਗਤ" ਅਤੇ ਚਾਰ ਕਿਤਾਬਾਂ ਦਾ ਸੰਪਾਦਨ ਵੀ ਕੀਤਾ।

**ਸਰਦਾਰ ਕਰਮਜੀਤ ਸਿੰਘ ਨੂਰ** 2008 ਵਿੱਚ 'ਐਕਸੀਅਨ' ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਭਾਰਤ ਅਤੇ ਵਿਦੇਸ਼ਾਂ ਵਿਚ ਕਵੀ ਦਰਬਾਰਾਂ ਵਿਚ ਅਨੇਕਾਂ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿੱਤਾ ਗਿਆ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ।

.

## ਸਾਡੇ ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ : ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ ਲਿਖਤਾਂ (ਸਮੀਖਿਆ ਕਰਕੇ) ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ ਠਮਿਏਸ ਂਇਾ੍ਮਓਨ (14 ਫੌਂਟ) ਵਿਚ ਹੋਵੇ ਜੀ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ, (ਜੇ ਚਾਹੁਣ ਤਾਂ ਪਾਸਪੋਰਟ ਸਾਈਜ਼ ਦੀ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਆਪਣੀ ਸੰਖੇਪ ਜਾਣਕਾਰੀ ਦੇਣ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਤਿੰਨ ਪਨਿੰਆਂ ਤਕ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਬਹੁਤੇ ਲੰਬੇ ਲੇਖ *sanjihivrasat.org* ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement*' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦੱਸਣਾ ਜ਼ਰੂਰੀ ਹੈ ਜੀ।

## Important Information for our Authors

1. Magazine Policy : To Promote Punjabi Culture, History and Heritage : Secular, Non-Political, Articles/Poems, after Review
2. Editorial Board : Will not be responsible for views of Authors / Poets.
3. Font preferred 14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction, Give Phone, E-mail, or WhatsApp. (photo - optional)
7. Maximum : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy -Right (CR) : Authors will ensure there is 'No CR' Infringement.
10. References : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)


| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


### ਸਲਾਹਕਾਰ


| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

# ਐਡੀਟੋਰੀਅਲ ਬੋਰਡ



ਡਾ. ਰਾਜਾ ਬਲਰਾਜ ਸਿੰਘ


ਗੁਰਦੀਸ਼ ਕੌਰ ਗਰੇਵਾਲ


ਪ੍ਰੋਫ਼ੈਸਰ ਮਨਿੰਦਰ ਸਿੰਘ


ਡਾ. ਕਾਬਲ ਸਿੰਘ


ਡਾ. ਬਲਦੇਵ ਸਿੰਘ


ਸ੍ਰ. ਜਗਬੀਰ ਸਿੰਘ ਕੋਹਲੀ


ਸ੍ਰ. ਪਰਮਜੀਤ ਸਿੰਘ


ਸ੍ਰ. ਜਸਵਿੰਦਰ ਸਿੰਘ ਰੁਪਾਲ


ਸ੍ਰ. ਉਂਕਾਰ ਸਿੰਘ ਟਿਵਾਣਾ


ਡਾ. ਰਾਜਬੀਰ ਸਿੰਘ ਭੱਟੀ


ਸ੍ਰ. ਯੁਵਰਾਜ ਸਿੰਘ


ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ